ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 17/04 ਅਪ੍ਰੈਲ 2017 – ਨਾਨਕਸ਼ਾਹੀ ਚੇਤ 549

## ਇਤਿਹਾਸਿਕ ਦਿਹਾੜੇ

### ਅਪ੍ਰੈਲ ਅਤੇ ਮਈ 2017

| | |
|---|---|
| ਜੋਤੀ ਜੋਤ ਸ੍ਰੀ ਗੁਰੁ ਹਰਿਗੋਬਿੰਦ ਜੀ | 1 ਅਪ੍ਰੈਲ |
| ਜੋਤੀ ਜੋਤ ਸ੍ਰੀ ਗੁਰੁ ਹਰਿਕ੍ਰਿਸ਼ਨ ਜੀ | 9 ਅਪ੍ਰੈਲ |
| ਗੁਰਗੱਦੀ ਦਿਵਸ ਸ੍ਰੀ ਗੁਰੂ ਤੇਗ ਬਹਾਦੁਰ ਜੀ | 9 ਅਪ੍ਰੈਲ |
| ਜਨਮ ਦਿਵਸ ਸਾਹਿਬਜ਼ਾਦਾ ਜੁਝਾਰ ਸਿੰਘ ਜੀ | 9 ਅਪ੍ਰੈਲ |
| ਖਾਲਸਾ ਸਾਜਨਾ ਦਿਵਸ | 13 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਤੇਗ ਬਹਾਦੁਰ ਜੀ | 16 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅਰਜੁਨ ਦੇਵ ਜੀ | 18 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅੰਗਦ ਦੇਵ ਜੀ | 27 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅਮਰਦਾਸ ਜੀ | 9 ਮਈ |
| ਗੁਰਗੱਦੀ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 19 ਮਈ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 29 ਮਈ |

www.gurmatparsar.com

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)**

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

# ਵੈਸਾਖਿ ਧੀਰਨਿ ਕਿਉ ਵਾਢੀਆ (ਜੀਵਨ-ਜੁਗਤਿ)

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥ (ਪੰਨਾ ੧੩੩)

ਪਦ ਅਰਥ :- ਵੈਸਾਖਿ-ਵੈਸਾਖ ਵਿਚ । ਕਿਉਂ ਧੀਰਨਿ-ਕਿਵੇਂ ਧੀਰਜ ਕਰਨ ? ਵਾਢੀਆ-ਪਤੀ ਤੋਂ ਵਿੱਛੁੜੀਆਂ ਹੋਈਆਂ । ਬਿਛੋਹੁ-ਵਿਛੋੜਾ । ਪ੍ਰੇਮਬਿਛੋਹੁ-ਪ੍ਰੇਮ ਦੀ ਅਣਹੋਂਦ । ਮਾਇਆ ਧੋਹੁ-ਧੋਹ-ਰੂਪ ਮਾਇਆ, ਮਨ-ਮੋਹਣੀ ਮਾਇਆ । ਕਲਤ੍ਰ-ਇਸਤ੍ਰੀ । ਪਲਚਿ - ਫਸ ਕੇ, ਉਲਝ ਕੇ । ਸਗਲੀ-ਸਾਰੀ (ਸ੍ਰਿਸ਼ਟੀ) । ਧੰਧੈ ਮੋਹੁ-ਧੰਧੈ ਦਾ ਮੋਹ । ਖੋਹਿ ਲਈਅਹਿ-ਖੋਹੇ ਜਾਂਦੇ ਹਨ । ਆਗੈ-ਪਹਿਲਾਂ ਹੀ । ਦਯੁ-ਪਿਆਰਾ ਪ੍ਰਭੂ । ਵਿਗੁ-ਚਣਾ-_ਆਰ ਹੋਈਦਾ ਹੈ । ਸੋਇ-ਸੋਭਾ । ਪਰਾਪਤਿ ਹੋਇ ਜਿਸ ਨਾਲ (ਮੇਰੈ) ਦਿਲ ਦੀ ਰੀਝ ਪੂਰੀ ਹੋ ਜਾਏ । ਸੰਤੁ ਹਰਿ-ਹਰੀ-ਸੰਤ । ਭੇਟੈ-ਮਿਲਿ ਪਏ ।

ਅਰਥ:- (ਵੈਸਾਖੀ ਵਾਲਾ ਦਿਨ ਹਰੇਕ ਇਸਤ੍ਰੀ ਮਰਦ ਵਾਸਤੇ ਰੀਝਾਂ ਵਾਲਾ ਦਿਨ ਹੁੰਦਾ ਹੈ, ਪਰ) ਵੈਸਾਖ ਵਿਚ ਉਹਨਾਂ ਇਸਤ੍ਰੀਆਂ ਦਾ ਦਿਲ ਕਿਵੇਂ ਖਲੋਵੇ ਜੋ ਪਤੀ ਤੋਂ ਵਿੱਛੁੜੀਆਂ ਪਈਆਂ ਹਨ, ਜਿੰਨ੍ਹਾਂ ਦੇ ਅੰਦਰ ਪਿਆਰ ( ਦੇ ਪ੍ਰਗਟਾਵੇ) ਦੀ ਅਣਹੋਂਦ ਹੈ, (ਇਸ ਤਰ੍ਹਾਂ ਉਸ ਜੀਵ ਨੂੰ ਧੀਰਜ ਕਿਵੇਂ ਆਵੇ ਜਿਸ ਨੂੰ) ਸੱਜਣ ਪ੍ਰਭੂ ਵਿਸਾਰ ਕੇ ਮਨ-ਮੋਹਣੀ ਮਾਇਆ ਚੰਬੜੀ ਹੋਈ ਹੈ ?

ਨਾਹ ਪੁਤ੍ਰ, ਨਾਹ ਇਸਤ੍ਰੀ, ਨਾਹ ਧਨ, ਕੋਈ ਭੀ ਮਨੁੱਖ ਦੇ ਨਾਲ ਨਹੀਂ ਨਿਭਦਾ ਇਕ ਅਬਿਨਾਸੀ ਪਰਮਾਤਮਾ ਹੀ ਅਸਲ ਸਾਥੀ ਹੈ । ਨਾਸਵੰਤ ਧੰਧੇ ਦਾ ਮੋਹ (ਸਾਰੀ ਲੁਕਾਈ ਨੂੰ ਹੀ) ਵਿਆਪ ਰਿਹਾ ਹੈ, (ਮਾਇਆ ਦੇ ਮੋਹ ਵਿਚ) ਮੁੜ ਮੁੜ ਫਸ ਕੇ ਸਾਰੀ ਲੁਕਾਈ ਹੀ (ਆਤਮਕ ਮੌਤੇ) ਮਰ ਰਹੀ ਹੈ । ਇਕ ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾਂ ਹੋਰ ਜਿਤਨੇ ਭੀ ਕਰਮ ਇਥੇ ਕਰੀਦੇ ਹਨ, ਉਹ ਸਾਰੇ ਮਰਨ ਤੋਂ ਪਹਿਲਾਂ ਹੀ ਖੋਹ ਲਏ ਜਾਂਦੇ ਹਨ ( ਭਾਵ, ਉਹ ਉੱਚੇ ਆਤਮਕ ਜੀਵਨ ਦਾ ਅੰਗ ਨਹੀਂ ਬਣ ਸਕਦੇ) ।

ਪਿਆਰ-ਸਰੂਪ ਪ੍ਰਭੂ ਨੂੰ ਵਿਸਾਰ ਕੇ _ਆਰੀ ਹੀ ਹੁੰਦੀ ਹੈ, ਪਰਮਾਤਮਾ ਤੋਂ ਬਿਨਾਂ ਜਿੰਦ ਦਾ ਹੋਰ ਕੋਈ ਸਾਥੀ ਹੀ ਨਹੀਂ ਹੁੰਦਾ । ਪ੍ਰਭੂ ਪ੍ਰੀਤਮ ਦੀ ਚਰਨੀਂ ਜੇਹੜੇ ਬੰਦੇ ਲੱਗਦੇ ਹਨ, ਉਹਨਾਂ ਦੀ (ਲੋਕ ਪਰਲੋਕ ਵਿਚ) ਭਲੀ ਸੋਭਾ ਹੁੰਦੀ ਹੈ ।

ਹੇ ਪ੍ਰਭੂ ! (ਤੇਰੇ ਦਰ ਤੇ) ਮੇਰੀ ਬੇਨਤੀ ਹੈ ਕਿ ਮੈਨੂੰ ਤੇਰਾ ਦਿਲ-ਰੱਜਵਾਂ ਮਿਲਾਪ ਨਸੀਬ ਹੋਵੇ । (ਰੁੱਤ ਫਿਰਨ ਨਾਲ ਚੁਫੇਰੇ ਬਨਸਪਤੀ ਪਈ ਸੁਹਾਵਣੀ ਹੋ ਜਾਏ, ਪਰ) ਜਿੰਦ ਨੂੰ ਵੈਸਾਖ ਦਾ ਮਹੀਨਾ ਤਦੋਂ ਹੀ ਸੋਹਣਾ ਲੱਗ ਸਕਦਾ ਹੈ ਜੇ ਹਰੀ-ਸੰਤ ਪ੍ਰਭੂ ਮਿਲ ਪਏ ।੩।

# ਸ੍ਰੀ ਗੁਰੂ ਨਾਨਕ ਦੇਵ ਜੀ

| | | |
|---|---|---|
| ਨਾਂ | : | ਸ੍ਰੀ ਗੁਰੂ ਨਾਨਕ ਦੇਵ ਜੀ |
| ਪ੍ਰਕਾਸ਼ ਸਮਾਂ | : | 15 ਅਪ੍ਰੈਲ 1469<br>ਪ੍ਰਚੱਲਿਤ 20 ਅਕਤੂਬਰ 1469 ਈ. 1526ਬਿ: ਕੱਤਕ ਦੀ ਪੂਰਨਮਾਸ਼ੀ |
| ਪ੍ਰਕਾਸ਼ ਅਸਥਾਨ | : | ਰਾਏ ਭੋਇ ਦੀ ਤਲਵੰਡੀ (ਜਿਲਾ ਸ਼ੇਖੂਪੁਰਾ,ਪਾਕਿਸਤਾਨ)<br>ਅੱਜ ਕੱਲ੍ਹ ਨਨਕਾਣਾ ਸਾਹਿਬ |
| ਪਿਤਾ ਜੀ | : | ਸ੍ਰੀ ਕਲਿਆਣ ਦਾਸ ਮਹਿਤਾ ਜੀ |
| ਮਾਤਾ ਜੀ | : | ਮਾਤਾ ਤ੍ਰਿਪਤਾ ਜੀ |
| ਗੁਰੂ ਕੇ ਮਹਿਲ | : | ਮਾਤਾ ਸੁਲੱਖਣੀ ਜੀ |
| ਸੰਤਾਨ | : | ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ |
| ਗੁਰਤਾ ਗੱਦੀ | : | ਧੁਰੋਂ (ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ) |
| ਜੋਤੀ ਜੋਤ ਸਮਾਉਣ ਦਾ ਸਮਾਂ ਅਤੇ ਸਥਾਨ | : | 7 ਸਤੰਬਰ 1539 ਈ. (ਅਸੂ ਵੱਦੀ 1596 ਬਿ:) ਨੂੰ<br>ਕਰਤਾਰਪੁਰ (ਪਾਕਿਸਤਾਨ) |
| ਕੁਲ ਆਯੂ | : | ਤਕਰੀਬਨ 70 ਸਾਲ |
| ਗੁਰਬਾਣੀ ਵੇਰਵਾ | : | 974 ਸ਼ਬਦ, (17 ਰਾਗਾਂ ਵਿੱਚ) |
| ਪ੍ਰਮੁੱਖ ਯਾਤਰਾਵਾਂ | : | 4 ਉਦਾਸੀਆਂ ਦੇ ਰੂਪ ਵਿੱਚ 24 ਸਾਲ ਦਾ ਸਮਾਂ ।<br>ਸਾਰੇ ਹਿੰਦੁਸਤਾਨ, ਬੰਗਲਾ ਦੇਸ਼, ਪਾਕਿਸਤਾਨ, ਬਰਮਾਂ, ਸ੍ਰੀ ਲੰਕਾ, ਭੂਟਾਨ, ਤਿੱਬਤ, ਸਿਕਮ, ਨੇਪਾਲ, ਮੰਗੋਲੀਆ, ਤੁਰਕੀ, ਰੂਸ, ਇਟਲੀ, ਅਫ਼ਗਾਨਿਸਤਾਨ, ਈਰਾਨ, ਇਰਾਕ, ਸਾਉਦੀ ਅਰੇਬੀਆ ਆਦਿ ਵਿੱਚ ਲੋਕਾਈ ਨੂੰ ਸੱਚ ਦਾ ਮਾਰਗ ਦਰਸ਼ਨਾਇਆ । |

**ਮੁੱਖ ਉਪਦੇਸ਼**: ਇੱਕ ਦੀ ਅਰਾਧਨਾ, ਇੱਕ ਦੀ ਟੇਕ, ਸੰਸਾਰ ਵਿੱਚ ਰਹਿ ਕੇ ਸੁਖੀ ਸੁਹੇਲਾ ਜੀਵਨ ਜਿਉਣ ਲਈ ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ, ਸਰਬਤ ਦਾ ਭਲਾ ਮੰਗੋ ਤੇ ਕਰੋ, ਕਿਰਤ-ਵਿਰਤ ਕਰਦਿਆਂ ਹਰ ਮਨੁੱਖ ਨੂੰ "**ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥ ਆਪੇ ਬੀਜਿ ਆਪੇ ਹੀ ਖਾਹੁ** ॥ ਜਪੁਜੀ, ਪੰਨਾ 4 ਦੇ ਅਟੱਲ ਨੇਮ ਨੂੰ ਸਨਮੁਖ ਰਖ ਕੇ ਕਰਮ ਕਰਨੇ ਚਾਹੀਦੇ ਹਨ : ਕਿਉਂ ਕਿ ਮਨੁੱਖ ਦੇ ਚੰਗੇ ਮਾੜੇ ਕਰਮ ਧਰਮ ਨਿਆਉ ਅਧੀਨ ਪ੍ਰਭੂ ਦਰਗਾਹ ਵਿੱਚ ਪੜਚੋਲੇ ਜਾਂਦੇ ਹਨ । ਨੇਕ ਕਰਮ ਪ੍ਰਭੂ ਨੇੜਤਾ ਅਤੇ ਪ੍ਰਭੂ ਅਭੇਦਤਾ ਦਾ ਵਸੀਲਾ ਬਣਦੇ ਹਨ । ਮਾੜੇ ਕਰਮ ਅਨੇਕਾਂ ਜੂਨਾਂ ਵਿੱਚ ਭਰਮਾਉਣ ਅਤੇ ਦੁੱਖ ਦਾ ਕਾਰਣ ਬਣਦੇ ਪ੍ਰਭੂ ਤੋਂ ਅਨੇਕਾਂ ਜਨਮਾਂ ਦੀ ਦੂਰੀ ਪਾਉਣ ਦੇ ਰਸਤੇ ਉਪਰ ਲੈ ਜਾਂਦੇ ਹਨ । ਆਪ ਦਾ ਫੁਰਮਾਨ ਹੈ :

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ - ਜਪੁ (ਮਃ ੧) - ਅੰਗ ੮

ਮਨੁੱਖ ਦਾ ਜੀਵਨ ਬਹੁਤ ਥੋੜ੍ਹ ਚਿਰਾ ਅਤੇ ਬੇ-ਮੁਨਿਆਦ ਹੈ । ਜਿਸ ਪ੍ਰਭੂ ਨੇ ਸੁੰਦਰ ਸਰੀਰ ਅਤੇ ਸਰੀਰ ਨੂੰ ਚਲਾਉਣ ਲਈ ਅਮੋਲਕ ਸੁਆਸ ਬਖਸ਼ਿਸ਼ ਕੀਤੇ ਹਨ, ਐਸੇ ਦਾਤਾਰ ਨੂੰ ਹਮੇਸ਼ਾ ਹਮੇਸ਼ਾ

ਯਾਦ ਕਰਕੇ ਆਪਣੇ ਕੀਮਤੀ ਸਵਾਸਾਂ ਨੂੰ ਸਫਲਾ ਕਰ ਲੈਣਾ ਚਾਹੀਦਾ ਹੈ ।

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥
ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ ॥੧॥ ਧਨਾਸਰੀ (ਮ: ੧)ਅੰਗ ੬੬੦

ਸਚਿਆਰੇ ਬਣਨਾ ਮਨੁੱਖ ਦੇ ਜੀਵਨ ਦਾ ਲਕਸ਼ ਹੈ । ਸਚਿਆਰ ਬਣੇ ਬਿਨਾਂ ਪ੍ਰਭੂ ਲੀਨਤਾ ਪ੍ਰਾਪਤ ਨਹੀਂ ਹੋ ਸਕਦੀ । ਸਚਿਆਰ ਬਣਨ ਲਈ ਮਨੁੱਖ ਨੂੰ ਆਪਣੀ ਹਉਮੈਂ ਦਾ ਤਿਆਗ ਕਰਕੇ ਗੁਰੂ ਸ਼ਰਣ ਵਿੱਚ ਆ ਗੁਰੂ ਅਗਵਾਈ ਅਨੁਸਾਰ ਚਲਣਾ ਲਾਜ਼ਮੀ ਹੈ । ਬਿਨਾਂ ਗੁਰੂ ਅਗਵਾਈ ਤੋਂ ਪ੍ਰਭੂ ਲੀਨਤਾ ਅਸੰਭਵ ਹੈ ।

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
– ਆਸਾ ਕੀ ਵਾਰ (ਮ: ੧) – ਅੰਗ ੪੬੬

# ਸ੍ਰੀ ਗੁਰੂ ਅੰਗਦ ਦੇਵ ਜੀ

ਨਾਂ : ਭਾਈ ਲਹਿਣਾ ਜੀ । ਗੁਰਤਾ ਗੱਦੀ ਪਿਛੋਂ ਸ੍ਰੀ ਗੁਰੂ ਅੰਗਦ ਦੇਵ ਜੀ

ਪ੍ਰਕਾਸ਼ ਸਮਾਂ : 31 ਮਾਰਚ 1504 ਈ. 5 ਵਿਸਾਖ 1561 ਬਿਕਰਮੀ

ਪ੍ਰਕਾਸ਼ ਅਸਥਾਨ : ਮੱਤੇ ਦੀ ਸਰਾਏ (ਜ਼ਿਲ੍ਹਾ ਮੁਕਤਸਰ)

ਪਿਤਾ ਜੀ : ਸ੍ਰੀ ਫੇਰੂ ਮੱਲ ਜੀ

ਮਾਤਾ ਜੀ : ਮਾਤਾ ਦਇਆ ਕੌਰ (ਸਭਰਾਈ ਜੀ)

ਗੁਰੂ ਕੇ ਮਹਿਲ : ਬੀਬੀ ਖੀਵੀ ਜੀ

ਸੰਤਾਨ : ਸ੍ਰੀ ਦਾਸੂ ਜੀ, ਸ੍ਰੀ ਦਾਤੂ ਜੀ, ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ ।

ਗੁਰੂ ਸ਼ਰਨ ਚ ਆਉਣ ਦਾ ਸਮਾਂ : 1531 ਈ: ਕਰਤਾਰਪੁਰ (ਪਾਕਿਸਤਾਨ ਵਿਖੇ)

ਗੱਦੀ ਨਸ਼ੀਨੀ ਦਾ ਸਮਾਂ : 7 ਸਤੰਬਰ 1539 ਈ: (13 ਸਾਲ ਗੁਰਤਾ ਗੱਦੀ ਦੀ ਸੇਵਾ)

ਜੋਤੀ ਜੋਤ ਸਮਾਉਣ ਦਾ ਸਮਾਂ ਅਤੇ ਸਥਾਨ : 29 ਮਾਰਚ 1552 ਈ. ਖਡੂਰ ਸਾਹਿਬ (ਜ਼ਿਲਾ ਅੰਮ੍ਰਿਤਸਰ)

ਕੁਲ ਆਯੂ : 48 ਵਰ੍ਹੇ

ਗੁਰਬਾਣੀ ਵੇਰਵਾ : 62 ਸਲੋਕ (ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ)

ਮੁੱਖ ਕਾਰਜ : ਆਪ ਜੀ ਨੇ ਜਿਥੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਪੰਥ ਦਾ ਪ੍ਰਚਾਰ ਬੜੀ ਲਗਨ ਤੇ ਤਨ-ਦੇਹੀ ਨਾਲ ਕੀਤਾ, ਉਥੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖਵਾ ਕੇ ਗੁਰਇਤਿਹਾਸ ਦੀ ਸੰਭਾਲ ਕਰਨ ਦੇ ਪੂਰਨੇ ਵਾਹੇ ।ਗੁਰਮੁਖੀ ਲਿੱਪੀ ਦੀ ਸੋਧ ਸੁਧਾਈ ਕਰਕੇ ਅੱਖਰਾਂ ਨੂੰ ਪ੍ਰਮਾਣੀਕ ਰੂਪ ਦਿੱਤਾ । ਸਰੀਰਕ ਸ਼ਕਤੀ ਨੂੰ ਸਾਂਭਣ ਲਈ ਮੱਲ ਅਖਾੜਿਆਂ ਦੀ ਪ੍ਰੰਪਰਾ ਚਾਲੂ ਕੀਤੀ । ਰੂਹਾਨੀ ਵਿਦਿਆ ਦੇ ਪ੍ਰਚਾਰ ਦੇ ਨਾਲ-ਨਾਲ ਸੰਸਾਰਕ ਵਿਦਿਆ ਨੂੰ ਪ੍ਰਚਲਤ ਕਰਨ ਲਈ ਆਪ ਜੀ ਨੇ ਪਾਠਸ਼ਾਲਾਂ ਖੋਲ੍ਹੀਆਂ ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਨਾਂ : ਤਿਆਗ ਮੱਲ ਜੀ, ਜੰਗ ਵਿੱਚ ਤੇਗ ਦੇ ਜੌਹਰ ਦਿਖਾਉਣ ਕਰਕੇ ਆਪਦਾ ਨਾਮ ਤੇਗ ਬਹਾਦਰ ਰੱਖਿਆ ਗਿਆ ।

ਪ੍ਰਕਾਸ਼ ਸਮਾਂ : ੧ ਅਪ੍ਰੈਲ ੧੬੨੧ ਈ. ਪ੍ਰਕਾਸ਼

ਅਸਥਾਨ : ਗੁਰੂ ਕੇ ਮਹਿਲ, ਅੰਮ੍ਰਿਤਸਰ ਸਾਹਿਬ

ਪਿਤਾ ਜੀ : ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

ਮਾਤਾ ਜੀ : ਮਾਤਾ ਨਾਨਕੀ ਜੀ

ਗੁਰੂ ਕੇ ਮਹਿਲ : ਮਾਤਾ ਗੁਜਰੀ ਜੀ

ਸੰਤਾਨ : (ਸ੍ਰੀ ਗੁਰੂ) ਗੋਬਿੰਦ ਸਿੰਘ ਜੀ

ਗੁਰਤਾ ਗੱਦੀ ਸਮਾਂ : ੧੧ ਅਗਸਤ ੧੬੬੪ ਈ. ਬਾਬਾ ਬਕਾਲਾ ਵਿਖੇ

ਗੁਰਤਾ ਗੱਦੀ ਕਾਲ : ੧੧ ਵਰ੍ਹੇ

ਜੋਤੀ ਜੋਤ ਸਮਾਉਣ ਦਾ ਸਮਾਂ : ੧੧ ਨਵੰਬਰ ੧੬੭੫ ਈ. ਦਿੱਲੀ, ਚਾਂਦਨੀ ਚੌਕ ਵਿਖੇ ਸ਼ਹੀਦ ਕਰ ਦਿੱਤੇ ਗਏ ।

ਕੁਲ ਆਯੂ : ੫੪ ਵਰ੍ਹੇ

ਗੁਰਬਾਣੀ ਦਾ ਵੇਰਵਾ : ੧੧੬ ਸ਼ਬਦ ਅਤੇ ਸਲੋਕ ਜਿਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ (ਗੁਰੂ ਕੀ ਕਾਸ਼ੀ) ਦਮਦਮਾ ਸਾਹਿਬ ਵਿਖੇ ਆਦਿ ਗ੍ਰੰਥ ਸਾਹਿਬ ਵਿੱਚ ਸਮਿਲਤ ਕਰਕੇ, ਦਮਦਮੀ ਬੀੜ ਦਾ ਰੂਪ ਦਿੱਤਾ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾ ੭ ਅਕਤੂਬਰ ੧੭੦੮ ਈ. ਨੂੰ ਨਾਂਦੇੜ (ਮਹਾਂਰਾਸ਼ਟਰ) ਵਿਖੇ ਗੁਰਤਾ ਗੱਦੀ ਬਖਸ਼ਿਸ਼ ਕਰਕੇ ਸਮੂਹ ਸੰਸਾਰ ਨੂੰ ਜੁਗੋਂ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਿਸ਼ ਕੀਤੀ ।

ਮਹਾਨ ਕਾਰਜ : ਆਪ ਜੀ ਨੇ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਦਰਿਆ ਸਤਲੁਜ ਦੇ ਕਿਨਾਰੇ ੨੨੦੦ ਰੁਪੈ ਨੂੰ ਮਾਖੋਵਾਲ ਪਿੰਡ ਦੀ ਧਰਤੀ ਖਰੀਦ ਕੇ ਚੱਕ ਨਾਨਕੀ ਦੀ ਨੀਂਹ ੧੯ ਜੂਨ ੧੬੬੫ ਨੂੰ ਰੱਖੀ, ਜਿਸਦਾ ਨਾਮ ਬਾਅਦ ਵਿੱਚ ਸ੍ਰੀ ਅਨੰਦਪੁਰ ਸਾਹਿਬ ਰੱਖਿਆ ਗਿਆ । ਇਸੇ ਅਸਥਾਨ ਤੇ ਹੀ ਸ੍ਰੀ ਕਲਗੀਧਰ ਪਾਤਸ਼ਾਹ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ । ਜਿਸ ਅਸਥਾਨ ਤੇ ਆਪ ਜੀ ਨੇ ਇਹ ਕਾਰਜ ਸੰਪੰਨ ਕੀਤਾ ਓਹ ਜਗ੍ਹਾਂ ਅੱਜ-ਕੱਲ ਖ਼ਾਲਸਾ ਪੰਥ ਦਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਕਹਿਲਾਉਂਦੀ ਹੈ । ਦੂਸਰੇ ਆਪ ਜੀ ਨੇ "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ" ਦੇ ਸਿਧਾਂਤ ਬਣਾ ਕੇ ਇਸਦਾ ਪ੍ਰਚਾਰ ਕੀਤਾ ਅਤੇ ਇਸ ਸਿਧਾਂਤ ਤੇ ਚੱਲ ਕੇ ਖੁਦ ਪੂਰਨੇ ਵਾਹੇ । ਦੂਸਰੇ ਧਰਮ ਦੀ ਆਨ-ਸ਼ਾਨ ਲਈ ਜਿਸਦੇ ਆਪ ਨਾ ਧਾਰਨੀ ਸਨ ਅਤੇ ਨਾ ਹੀ ਉਸ ਧਰਮ ਤੇ ਅਕੀਦਾ ਰਖਦੇ ਸਨ, ਫਿਰ ਵੀ ਗਰੀਬਾਂ ਮਜਲੂਮਾਂ ਤੇ ਸ਼ਰਨ ਵਿੱਚ ਆਇਆਂ ਦੀ ਲਾਜ ਪਾਲਣ ਦੇ ਬਿਰਦ ਅਧੀਨ ਆਪ ਜੀ ਨੇ ਆਪਣੇ ਸਰੀਰ ਦਾ ਬਲੀਦਾਨ ਦੇ ਦਿੱਤਾ । ਤਦ ਹੀ ਆਪ ਜੀ ਨੂੰ 'ਹਿੰਦ ਦੀ ਚਾਦਰ' ਕਹਿਦੇ ਸਨਮਾਨਿਆ ਜਾਂਦਾ ਹੈ ।

# ਅਲੌਕਿਕ ਵੈਸਾਖੀ

ਪ੍ਰਿ: ਹਰਿਭਜਨ ਸਿੰਘ
(ਭਾਈ ਸਾਹਿਬ)

ਜੋ ਸਮਾਂ ਕਾਦਰ ਦੀ ਕੁਦਰਤ ਦੇ ਜ਼ਹੂਰ ਤੋਂ ਪਹਿਲਾਂ ਕੇਵਲ ਸ੍ਰੀ ਨਿਰੰਕਾਰ ਜੀ ਦੇ 'ਧੁੰਧੂਕਾਰ' ਵਿਚ 'ਅਫੁਰ' ਸਮਾਇਆ ਹੋਇਆ ਸੀ, ਉਸ ਦਾ ਮੁਢ, 'ਕਰਤਾਰ' ਦੇ 'ਕੁੱਨ' ਕਹਿਣ ਜਾਂ 'ਉਦਕਰਖ' ਕਰਨ ਨਾਲ ਵਿਸੁਇਆਂ, ਚਸਿਆਂ, ਪਲਾਂ, ਘੜੀਆਂ, ਪਹਿਰਾਂ, ਥਿੱਤਾਂ, ਵਾਰਾਂ, ਮਾਹਾਂ, ਵਰ੍ਹਿਆਂ ਅਤੇ ਸ਼ਤਾਬਦੀਆਂ ਦੀ ਸਮੇਂ-ਵੰਡ ਵਿਚ ਬੱਝ ਗਿਆ। ਸਮੇਂ ਦੀ ਇਸ ਤੋਰ ਦੇ ਮੋਢੀਆਂ - ਚੰਦ ਤੇ ਸੂਰਜ-ਦੀ ਚਾਲ ਨਾਲ ਦਿਨ-ਦਿਹਾਰ ਤੇ ਤਿਉਹਾਰ ਜੋੜੇ ਤੇ ਮਨਾਏ ਜਾਣ ਲਗੇ। ਵੈਸਾਖੀ, ਵੈਸਾਖ ਦੇ ਮਹੀਨੇ ਦੀ ਸੰਕਰਾਂਤ ਅਥਵਾ ਇਸ ਦਾ ਪਹਿਲਾ ਦਿਨ ਹੈ। ਵੈਸਾਖ ਨਛੱਤਰ ਵਾਲੀ ਪੂਰਨਮਾਸ਼ੀ, ਜੋ ਸਤਾਈ ਨਛੱਤਰਾਂ ਵਿਚੋਂ ਸੋਲ੍ਹਵਾਂ ਨਛੱਤਰ ਹੈ, ਇਸ ਮਾਹ ਵਿਚ ਆਉਣ ਕਾਰਨ ਇਸ ਦੀ ਸੰਗਿਆ ਵੈਸਾਖ ਪੈ ਗਈ।

ਆਦਿ ਕਾਲ ਤੋਂ ਇਹ 'ਵੈਸਾਖ ਭਲਾ' ਹਰ ਸਾਲ ਨਿਯਤ ਸਮੇਂ ਆਉਂਦਾ ਰਿਹਾ ਹੈ ਅਤੇ ਬਨਸਪਤੀ ਪਤਝੜ ਦੀ ਕਰੂਪਤਾ ਉਪਰੰਤ ਨਵੀਆਂ ਪੱਤੀਆਂ ਤੇ ਕਰੂੰਬਲਾਂ ਦੀ ਸ਼ਕਲ ਵਿਚ ਨਵਾਂ ਵੇਸ (ਰੂਪ) ਧਾਰਦੀ ਤੇ ਮੌਲਦੀ ਰਹੀ ਹੈ। ਕਾਲ ਦੇ ਅਰੁਕਵੇਂ ਵੇਗ ਦਾ ਇਹ ਸਿਲਸਿਲਾ ਜਦ ਤਕ 'ਕਰਤਾਰ' ਆਕਰਖ ਕਰ ਕੇ' ਸਭ ਦਿਸਦੇ ਤੇ ਅਣਦਿਸਦੇ ਸੰਸਾਰ ਨੂੰ ਆਪਣੇ ਆਪ ਵਿਚ ਸਮੇਟ ਨਹੀਂ ਲੈਂਦਾ, ਜਾਰੀ ਰਹੇਗਾ।

ਜਿਵੇਂ ਰੁੱਤਾਂ ਦੀ ਬਦਲੀ ਨਾਲ ਬਨਸਪਤੀ ਵਿਚ ਪਤਝੜ ਆਉਣ ਦਾ ਨੇਮ ਹੈ, ਕੁਝ ਇਵੇਂ ਹੀ ਮਨੁੱਖੀ-ਮਨਾਂ ਦੀਆਂ ਕਿਆਰੀਆਂ ਵਿੱਚ ਵੀ ਇਹ ਵੀਰਾਨਾ-ਪਨ ਆਉਂਦਾ ਰਹਿੰਦਾ ਹੈ। ਜਦ ਜਦ ਵੀ ਮਨੁੱਖ ਵਿੱਚ ਈਰਖਾ, ਦਵੈਖ, ਹਉਮੈ, ਸਵਾਰਥ, ਜਬਰ, ਤਅੱਦੀ ਅਤੇ ਹਿੰਸਕ ਰੁੱਚੀਆਂ ਵਧੀਆਂ ਤੇ ਮਨਾਂ ਦੇ ਸਦਗੁਣਾਂ ਦੀ ਰਮਣੀਕ ਫੁਲਵਾੜੀ ਔਗੁਣਾਂ ਦੇ ਉਦਿਆਨ (ਬਨ) ਵਿਚ ਬਦਲੀ, ਤਾਂ ਓਦੋਂ ਓਦੋਂ ਮਨੁੱਖਤਾ ਦੀ ਬਹੁਤੀ ਕਰਨ ਲਈ ਕਰਤਾਰ ਨੇ ਤ੍ਰੁੱਠ ਕੇ, ਕਿਸੇ ਨਿਵਾਜੇ-ਵਿਅਕਤੀ ਨੂੰ ਥਾਪੜਾ ਦੇ ਕੇ ਸੰਸਾਰ ਉਤੇ ਭੇਜਿਆ, ਜਿਸ ਨੇ ਪਿਆਰਾਂ ਤੇ ਉਪਕਾਰਾਂ ਦੀ ਛਹਿਬਰ ਲਾ ਕੇ, ਤੇ ਮਨੁੱਖ ਨੂੰ ਆਪੇ ਦੀ ਸੋਝੀ ਦੁਆ ਕੇ, ਉਸ ਦੀ ਮਨ-ਰੂਪੀ ਫੁਲਵਾੜੀ ਵਿਚ ਖੇੜੇ ਲਿਆਂਦੇ, ਜੀਵਨ-ਮਨੋਰਥ ਦੀਆਂ ਪੱਧਰਾਂ ਉਚਿਆਈਆਂ ਅਤੇ ਕਿਸੇ ਦਾ ਸੁਖ ਖੋਹ ਲੈਣ ਦੀ ਥਾਂ ਸੁਖ ਤੇ ਦਰਦ-ਵੰਡਾਉਣ ਵਿਚ 'ਘਣਾ ਅਨੰਦ' ਪ੍ਰਤੀਤ ਕਰਨ ਦਾ ਭੇਤ ਸਮਝਾਇਆ।

ਮਨੁੱਖੀ ਇਤਿਹਾਸ ਦੀ ਤੋਰ ਵਿੱਚ ਇਕ ਵੇਰ, ਇੱਕ ਸਮਾਂ ਅਜਿਹਾ ਵੀ ਆਇਆ, ਜਦ ਇਸ ਦਾ ਜੀਵਨ ਏਥੋਂ ਤੱਕ ਨਿੱਘਰ ਗਿਆ ਕਿ ਰਾਜੇ ਜੋ ਪਰਜਾ ਦੇ ਰਾਖੇ ਤੇ ਸੇਵਕ ਸਨ, ਸ਼ੀਂਹ ਵਾਂਗੂੰ ਖ਼ੂੰਖ਼ਾਰ ਹੋ ਗਏ ਤੇ 'ਮੁਕਦਮ' ਕੁੱਤਿਆਂ ਵਾਂਗ ਲੋਭੀ। ਵਾੜ ਹੀ ਖੇਤ ਨੂੰ ਖਾਣ ਲਗੀ। ਪਰਜਾ ਗਿਆਨ-ਹੀਨ ਹੋ ਦੂਜਿਆਂ ਦੇ ਹੱਕ ਉੱਤੇ ਛਾਪਾ ਮਾਰ 'ਮੁਰਦਾਰ' ਖਾਣ ਵਿਚ ਰੁੱਝ ਗਈ। ਸੱਚ ਦਾ ਕਾਲ ਪੈ ਗਿਆ; ਤੇ ਹਰ ਪਾਸੇ ਕੂੜ ਦੀ ਪ੍ਰਧਾਨਤਾ ਹੋ ਗਈ, ਅਤੇ ਨਿਆਂ-ਦਾਤੇ ਕਾਜ਼ੀ, ਵੱਢੀਆਂ ਲੈ ਕੇ ਹੱਕ-ਇਨਸਾਫ਼ ਦਾ ਖ਼ੂਨ ਕਰਨ ਲੱਗੇ। ਧਾਰਮਕ ਆਗੂਆਂ ਨੇ ਸੱਚ-ਧਰਮ ਦੀ 'ਇਕਾਈ' ਨੂੰ ਸਮਝਣ-ਸਮਝਾਉਣ ਦੀ ਥਾਂ, ਆਪਣੇ ਆਪਣੇ ਅਨੁਯਾਈਆਂ ਦੇ ਲਾਉ-ਲਸ਼ਕਰਾਂ ਸਮੇਤ ਖਹਿ ਖਹਿ ਮਰਨ-ਮਾਰਨ ਨੂੰ ਹੀ ਸਵਾਬ (ਪੁੰਨ) ਸਮਝ ਲਿਆ। ਗੱਲ ਕੀ, ਲੋਭ-ਲਹਿਰ ਦੀ ਤਿੱਖੀ ਮਾਰ ਹੇਠ ਆਈ ਮਨੁੱਖੀ-ਮਨਾਂ ਦੀ ਫੁਲਵਾੜੀ ਦਾ, ਕੋਈ ਵਿਰਲਾ ਬੂਟਾ ਹੀ ਹਰਿਆ ਦਿੱਸਣ ਲੱਗਾ। ਹਰ ਪਾਸੇ ਵਰਤ ਰਹੇ ਸਹਿਮ, ਸੋਗ, ਤ੍ਰਿਸ਼ਨਾ, ਹਉਮੈ ਅਤੇ ਲੁਟ-ਖਸੁਟ ਦੇ ਕਾਰਨ ਸੰਸਾਰ ਵਿਚ ਇਕ ਭਿਆਨਕ ਕੁਹਰਾਮ ਮੱਚ ਰਿਹਾ ਸੀ।

ਆਖ਼ਰ, ਪੀੜਤ ਲੋਕਾਈ ਦੀ ਪੁਕਾਰ ਪ੍ਰਭੂ ਪਿਤਾ ਦੇ ਦਰ ਪੁੱਜੀ। ਉਹ ਤ੍ਰੁੱਠਿਆ ਤੇ ਉਸ ਨੇ ਆਪਣੀ ਮੇਹਰ ਨੂੰ ਨਰੰਕਾਰੀ ਨਾਨਕ' ਦੇ ਰੂਪ ਵਿਚ ਮੂਰਤੀਮਾਨ ਕੀਤਾ, ਜਿਨ੍ਹਾਂ ਨੇ ਕੂੜ ਦੀ ਪਾਲ (ਕੰਧ) ਨੂੰ ਤੋੜ ਕੇ, ਸਚਿਆਰੇ ਬਣਨ ਹਿਤ, ਰਜ਼ਾ ਵਾਲੇ ਪ੍ਰਭੂ ਦੇ ਹੁਕਮ ਵਿਚ ਚੱਲਣ ਦੀ ਵਿਧੀ ਸਮਝਾਈ। ਸੱਚੀ ਟਕਸਾਲ ਵਿਚ ਮਨੁੱਖੀ-ਚਲਣ ਨੂੰ ਘੜਨ ਹਿਤ ਇਕ ਨਹੀਂ, ਸਗੋਂ ਨੌਂ ਜਾਮੇ ਬਦਲੇ।

ਇਕ ਓਅੰਕਾਰ ਦੇ ਆਸ਼ਕ ਤੇ ਉਪਾਸ਼ਕ, ਨਿਰੰਕਾਰੀ ਬਾਬੇ ਦਾ ਦਾਈਆ ਤੇ ਦਾਅਵਾ ਸੀ ਕਿ ਘਰ ਘਰ ਵਿਚ ਧਰਮਸਾਲ ਹੋਵੇਗੀ, ਜਿੱਥੇ ਸਦ ਵਸੋਵਾ (ਵੈਸਾਖੀ, ਨੌ-ਰੋਜ਼, ਚਾਵ੍ਹਾਂ-ਮਲ੍ਹਾਰਾਂ ਦਾ ਦਿਨ) ਦੀਆਂ ਖ਼ੁਸ਼ੀਆਂ ਹੋਣਗੀਆਂ।

ਸਮਾਂ ਬੀਤਦਾ ਗਿਆ, ਵੈਸਾਖੀ ਆਉਂਦੀ ਤੇ ਜਾਂਦੀ ਰਹੀ। ਬਾਬੇ ਦੇ ਸਾਦਿਕ ਸਿੱਖਾਂ ਦੇ ਘਰ, ਧਰਮਸਾਲਾਂ ਵਿਚ ਬਦਲ ਗਏ, ਹਰੀ-ਕੀਰਤਨ ਦੀਆਂ ਧੁਨੀਆਂ ਉੱਠਣ ਤੇ ਗੂੰਜਾਂ ਪੈਣ ਲੱਗੀਆਂ, ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ ਸਮਝਿਆ ਜਾਣ ਲੱਗਾ ਅਤੇ ਨਾਮ ਜਪਣ, ਧਰਮ ਦੀ ਕਿਰਤ ਦੇ ਨਾਲ ਨਾਲ ਵੰਡ ਕੇ ਛਕਣ ਦੀ ਮਰਯਾਦਾ ਪਰਪੱਕ ਹੁੰਦੀ ਗਈ। ਹਰੇਕ ਘਰ ਦਾ ਲੰਗਰ, ਗੁਰੂ ਕੇ ਲੰਗਰ ਵਿੱਚ ਬਦਲ ਗਿਆ। ਪਰੰਤੂ, ਅਜੇ ਉਹ ਅਨੋਖੀ, ਅਲੌਕਿਕ ਵੈਸਾਖੀ ਆਉਣੀ ਸੀ ਜਿਸ ਦੀ ਆਮਦ ਵਿਚ ਇੰਨਾ ਵੱਡਾ ਤ੍ਰੱਦਦ ਕੀਤਾ ਜਾ ਰਿਹਾ ਸੀ।

ਆਖ਼ਰ, ਮਨੁੱਖ ਦੇ ਸੁਭਾਗ ਨੂੰ ਉਹ ਅਲੌਕਿਕ ਵੈਸਾਖੀ ਆ ਗਈ, ਜਦ ਮਨੁੱਖ-ਆਚਰਨ ਦੇ ਉਸ ਮਹੱਲ ਦੀ ਸੰਪੂਰਨਤਾ ਹੋਈ ਸੀ, ਜਿਸ ਦੀ ਬੁਨਿਆਦ, ਅਰਸ਼ੀ ਨਾਨਕ ਨੇ ਰਾਵੀ ਦੇ ਬੇਲਿਆਂ, ਸੁਮੇਰ ਪਰਬਤ ਦੀਆਂ ਬਿਖਮ ਘਾਟੀਆਂ, ਅਰਬ ਦੇ ਮਾਰੂ-ਥਲਾਂ ਅਤੇ ਭਿਆਨਕ ਜੰਗਲਾਂ-ਬੀਆਬਾਨਾਂ ਵਿਚ ਧੁਰੋਂ-ਆਈ ਬਾਣੀ ਨੂੰ, ਕਿਸੇ ਵਜਦ ਤੇ ਵਿਸਮਾਦ ਵਿਚ ਅਜਿਹੇ ਅਰਸ਼ੀ ਗੀਤ ਗਾਉਂਦਿਆਂ ਗਾਉਂਦਿਆਂ ਰੱਖੀ ਸੀ-

1. **ਹਰਿ ਬਿਨੁ ਜੀਉ ਜਲਿ ਬਲਿ ਜਾਉ ॥**
   **ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥**
   **(ਸਿਰੀਰਾਗੁ ਮ: ੧, ਪੰਨਾ ੧੪)**
2. **ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ ॥੫॥ (ਸਿਰੀਰਾਗੁ ਮ: ੧, ਪੰਨਾ ੬੨)**
3. **ਸੰਸਾਰੁ ਰੋਗੀ, ਨਾਮੁ ਦਾਰੂ, ਮੈਲੁ ਲਾਗੈ ਸਚ ਬਿਨਾ ॥ (ਧਰਾਸਰੀ ਮ: ੧ ਛੰਤ, ਪਨਾਂ ੬੮੭)**
4. **ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (ਸਲੋਕ ਮਃ ੧ ਆਸਾ ਕੀ ਵਾਰ - ਅੰਗ ੪੭੦)**
5. **ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ (ਮਃ ੧ ਮਾਝ ਕੀ ਵਾਰ- ਅੰਗ ੧੪੧)**

ਹਾਂ ਜੀ, ਜਿਸ ਦੀ ਆਮਦ ਲਈ ਬਾਬੇ ਨੇ ਪੰਜਵੇਂ ਤੇ ਨੌਵੇਂ ਜਾਮੇ ਵਿਚ ਅਦੁੱਤੀ ਸ਼ਹਾਦਤਾਂ ਦੇ ਜਾਮ ਪੀਤੇ ਅਤੇ ਫੇਰ, ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਬੱਧੀਆਂ ਅਤੇ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ ਸੀ।

ਨਿਰੰਕਾਰੀ ਬਾਬੇ ਦੀ 'ਓਹਾ' ਜੋਤਿ ਤੇ 'ਸਾਈ' ਜੁਗਤਿ ਵਿਚ ਵਿਚਰਨ ਵਾਲੇ ਸ੍ਰੀ ਦਸਮੇਸ਼ ਜੀ ਨੇ ਇਸ ਵਾਰੀ ਸੰਗਤਾਂ ਨੂੰ ਉਚੇਚੇ ਸੱਦੇ ਭੇਜੇ ਕਿ ਉਹ ਵੈਸਾਖੀ ਸਮੇਂ ਹੁਮ ਹੁਮਾ ਕੇ ਸ੍ਰੀ ਅਨੰਦਪੁਰ ਪੁੱਜਣ। ਸੋ, ਦੇਸ਼ ਭਰ ਚੋਂ ਹਜ਼ਾਰਾਂ ਗੁਰੂ ਕੇ ਸਿੱਖ ਲੰਮੇ ਪੈਂਡੇ ਝਾਗਦੇ, ਗੁਰੂ-ਦਰਸ਼ਨਾਂ ਲਈ ਪੁੱਜੇ। ਸ੍ਰੀ ਅਨੰਦਪੁਰ ਵਿਖੇ ਇਸ ਵਾਰੀ ਵਿਸ਼ੇਸ਼ ਉਤਸ਼ਾਹ, ਉਮਾਹ ਤੇ ਰੌਣਕ ਸੀ।

ਆਖ਼ਰ, ਸੰਮਤ 1756 ਦੀ ਵੈਸਾਖੀ ਦੇ ਪਾਵਨ ਦਿਨ ਦੀ ਉਹ ਸੁਭਾਗ ਘੜੀ ਆਈ, ਜਦ

ਮਾਨਵਤਾ ਦੀ ਜਿੱਤ ਦੀ ਜੈ-ਜੈਕਾਰ ਹੋਣੀ ਸੀ; ਜਦ ਇਕ, ਦੋ, ਤਿੰਨ ਦੀਆਂ ਵੰਡਾਂ ਤੇ ਵਿਤਕਰਿਆਂ ਦੇ ਸਭ ਆਈਨ ਮਨਸੂਖ਼ ਹੋਣੇ ਤੇ ਜੀਵਨ ਦੇ ਹਰ ਖੇਤਰ ਵਿਚ ਮਨੁੱਖੀ ਸਮਾਨਤਾ ਦਾ ਬੋਲ-ਬਾਲਾ ਹੋਣਾ ਸੀ; ਜਦ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੇ ਹੱਕੀ ਨਾਅਰੇ ਤੇ ਦੈਵੀ ਸਾਂਝੀਵਾਲਤਾ ਨੇ ਸਿਖਰ ਛੂਹਣੀ ਸੀ; ਜਦ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦਾ ਨਾਟਕ ਖੇਡਿਆ ਤੇ ਪਾਠ ਪੜ੍ਹਾਇਆ ਜਾਣਾ ਸੀ; ਜਦ ਪੂਰਨ ਮਨੁੱਖ ਖ਼ਾਲਸੇ ਨੇ ਜ਼ਹੂਰ ਵਿਚ ਆਉਣਾ ਸੀ, ਗੁਰੂ ਨੇ ਚੇਲਿਆਂ ਤੋਂ ਦੀਖਸ਼ਤ ਹੋਣਾ ਸੀ ਅਤੇ ਭਗਤੀ ਤੇ ਸ਼ਕਤੀ ਦਾ ਡੂੰਘਾ ਤੇ ਸਦੀਵੀ ਸੁਮੇਲ ਹੋਣਾ ਸੀ। ਇਨ੍ਹਾਂ ਦੈਵੀ ਕੀਮਤਾਂ ਤੋਂ ਬਿਨਾਂ ਜੀਵਨ ਥੋਥਾ, ਅਧੂਰਾ ਤੇ ਉਲਾਰ ਸੀ।

ਲਓ, ਵੇਖੋ; ਹੁਣ, ਇਸ ਅਦੁੱਤੀ ਨਾਟਕ ਦੇ ਖੇਡਣਹਾਰ-ਕਲਗੀਆਂ ਤੇ ਬਾਜਾਂ ਵਾਲੇ ਗੁਰਦੇਵ ਕਿਵੇਂ -੧੧ ਮਹੀਨੇ, ੧੧ ਦਿਨ ਤੇ ੧੧ ਘੜੀਆਂ ਏਕਾਂਤ, ਦੀਰਘ ਸੋਚ ਤੇ ਵੈਰਾਗਮਈ ਅਵਸਥਾ ਵਿਚ ਵਿਚਰਣ ਉਪਰੰਤ, ਨੰਗੀ ਸ੍ਰੀ ਸਾਹਿਬ ਹੱਥ ਵਿਚ ਫੜੀ, ਕਿਵੇਂ ਦਿਲਜ਼ੋਰ ਅਵਸਥਾ ਵਿਚ ਦੀਵਾਨ ਵਿਚ ਆਏ ਹਨ ਤੇ ਕਿਵੇਂ ਬੀਰ-ਰਸੀ ਤੇ ਕੜਕਵੀਂ ਆਵਾਜ਼ ਵਿਚ ਸਿੱਖਾਂ ਤੋਂ ਸਿਰਾਂ ਦੀ ਮੰਗ ਕੀਤੀ ਹੈ, ਅਤੇ ਉਹ ਵੀ ਬਿਨਾਂ ਕੋਈ ਕਾਰਨ ਦੱਸੇ। ਸਾਰੇ ਸੱਨਾਟਾ ਛਾ ਗਿਆ। ਸੰਗਤਾਂ ਹੱਕੀਆਂ-ਬੱਕੀਆਂ ਰਹਿ ਗਈਆਂ ਤੇ ਸੋਚਿਆ ਕਿ ਪਹਿਲੇ ਸਤਿਗੁਰਾਂ ਤਾਂ ਕਦੀ ਅਜਿਹਾ ਬਿਖਮ ਪਰਚਾ ਨਹੀਂ ਸੀ ਪਾਇਆ। ਜਿਹੜੇ ਸਿੱਖ, ਦਿਮਾਗੀ ਤੌਰ ਉੱਤੇ, ਜਿਤਨੇ ਵਧੇਰੇ ਸਿਆਣੇ ਸਨ, ਉਹ ਉਤਨੇ ਹੀ ਵਧੇਰੇ ਘਬਰਾਏ। ਸ੍ਰੀ ਗੁਰੂ ਜੀ ਨੇ ਜਲਾਲ ਵਿਚ ਆ ਕੇ, ਫੇਰ ਦੋ ਵੇਰ, ਸਿਰ ਦੀ ਮੰਗ ਦੁਹਰਾਈ। ਆਖ਼ਰ, ਲਾਹੌਰ ਦੇ ਭਾਈ ਦਯਾ ਰਾਮ ਜੀ (ਖੱਤਰੀ) ਨੇ ਗਲ ਵਿਚ ਪੱਲਾ ਪਾ ਕੇ ਜੋਦੜੀ ਕੀਤੀ, 'ਦਾਤਾ! ਇਹ ਸਿਰ ਤੇਰਾ ਹੈ, ਜਿਸ ਲੇਖੇ ਚਾਹੋ, ਲਾਵੋ ਤੇ ਸਫ਼ਲ ਕਰੋ।' ਗੁਰਦੇਵ ਉਸ ਨੂੰ ਨਾਲ ਦੀ ਠੇਰੀ ਉੱਤੇ ਲਗੇ ਤੰਬੂ ਵਿਚ ਲੈ ਗਏ। ਕੌਤਕ ਵਰਤਾਇਆ ਤੇ ਫੇਰ ਲਹੂ-ਭਿੱਜੀ ਤਲਵਾਰ ਹੱਥ ਵਿਚ ਲਈ ਆ ਕੜਕੇ ਤੇ ਕਿਹਾ ਕਿ ਇਕ ਹੋਰ ਸਿਰ ਦੀ ਲੋੜ ਹੈ। ਲਹੂ ਨਾਲ ਭਿੱਜੀ ਤਲਵਾਰ ਨੇ ਰਹਿੰਦਾ-ਖੂੰਹਦਾ ਸੰਸਾ ਵੀ ਕੱਢ ਦਿੱਤਾ ਕਿ ਸ਼ਾਇਦ ਸਤਿਗੁਰੂ ਜੀ ਦਾ ਭਾਵ ਸੱਚੀ-ਮੁੱਚੀ ਸਿਰ ਲੈਣ ਤੋਂ ਨਾ ਹੋਵੇ। ਸਤਿਗੁਰਾਂ ਦੀ ਇਸ ਦੂਜੀ ਲਲਕਾਰ ਦੇ ਉੱਤਰ ਵਿਚ ਭਾਈ ਧਰਮ ਚੰਦ (ਜੱਟ), ਤੀਜੀ ਦੇ ਭਾਈ ਹਿੰਮਤ ਰਾਏ (ਕਹਾਰ), ਚੌਥੀ ਦੇ ਭਾਈ ਮੁਹਕਮ ਚੰਦ (ਛੀਂਬੇ) ਅਤੇ ਪੰਜਾਬੀ ਦੇ ਭਾਈ ਸਾਹਿਬ ਚੰਦ (ਨਾਈ) ਨਿੱਤਰੇ। ਸਤਿਗੁਰੂ ਜੀ ਦੇ, ਹਰ ਵਾਰ, ਲਹੂ-ਭਿੱਜੀ ਤਲਵਾਰ ਲੈ ਕੇ ਦੀਵਾਨ ਵਿਚ ਆਉਣ ਨੇ, ਪ੍ਰੀਖਿਆ ਦੇ ਇਸ ਪਰਚੇ ਨੂੰ ਹਰ ਵਾਰੀ ਵਧੇਰੇ ਬਿਖਮ ਤੇ ਭਿਆਨਕ ਬਣਾ ਦਿੱਤਾ ਸੀ। ਸੋ, ਹੁਣ ਤਕ, ਦਿਲ ਹਾਰ ਜਾਣ ਵਾਲੇ ਸਿਦਕਹੀਨਾਂ ਦੇ ਖਿਸਕਣ ਦੇ ਕਾਰਨ, ਦੀਵਾਨ ਦੀ ਹਾਜ਼ਰੀ ਚੋਖੀ ਵਿਰਲੀ ਪੈ ਚੁੱਕੀ ਸੀ।

ਐਤਕੀ ਗੁਰਦੇਵ, ਪਹਿਲੇ ਵਾਂਗ ਸ਼ੀਘਰ ਹੀ ਹੋਰ ਸਿਰ ਮੰਗਣ ਲਈ, ਦੀਵਾਨ ਵਿਚ ਨਾ ਪਰਤੇ ; ਸਗੋਂ, ਕੁਝ ਸਮੇਂ ਉਪਰੰਤ ਜਦ ਪਧਾਰੇ ਤਾਂ ਸੋਹਣੇ ਬਸਤਰਾਂ-ਸ਼ਸਤਰਾਂ ਨਾਲ ਸਜੇ, ਉਹ ਪੰਜ ਸਿੱਖ ਵੀ ਨਾਲ ਸਨ, ਜਿਨ੍ਹਾਂ ਨੇ ਬਿਨਾਂ ਕਿੰਤੂ ਕੀਤੇ ਜਾਂ ਇਹ ਪੁੱਛੇ ਦੇ ਕਿ ਸਿਰ ਕਿਉਂ ਤੇ ਕਾਹਦੇ ਲਈ ਚਾਹੀਦੇ ਹਨ, ਸੀਸ ਭੇਟ ਕੀਤੇ ਸਨ, ਆਪਾ ਵਾਰਿਆ ਸੀ। ਇਹ ਅਲੌਕਿਕ ਦ੍ਰਿਸ਼ ਵੇਖ, ਸਭ ਨੂੰ ਹੈਰਾਨੀ ਵੀ ਹੋਈ ਤੇ ਪਛਤਾਵਾ ਵੀ - ਜੁ ਉਹ ਸਤਿਗੁਰੂ ਨੂੰ ਸਿਰ ਭੇਟ ਕਰਨ ਵਿਚ ਕਿਉਂ ਪਿੱਛੇ ਰਹਿ ਗਏ ! ਘਬਰਾ ਤੇ ਡਰ ਦੇ ਮਾਰੇ ਨੱਸੇ ਲੋਕ ਵੀ, ਜਿਵੇਂ ਜਿਵੇਂ ਉਨ੍ਹਾਂ ਨੇ ਇਹ ਨਵੀਂ ਸੋਅ ਸੁਣੀ, ਦੀਵਾਨ ਵਿਚ ਪਰਤ ਆਏ।

ਸਤਿਗੁਰੂ ਜੀ ਨੇ ਸਭ ਨੂੰ ਦਿਲਾਸਾ ਦਿੱਤਾ। ਖੰਡਾ, ਬਾਟਾ ਆਦਿ ਵਸਤਾਂ ਮੰਗਵਾਈਆ। ਸ੍ਰੀ ਜਪੁਜੀ ਸਾਹਿਬ, ਜਾਪੁ ਸਾਹਿਬ ਆਦਿ ਪੰਜ ਬਾਣੀਆਂ ਦਾ ਪਾਠ ਕਰਦਿਆਂ, ਵਿਧੀ ਸੰਯੁਕਤ ਅੰਮ੍ਰਿਤ ਤਿਆਰ ਕੀਤਾ, ਪੰਜ ਪ੍ਰਵਾਨਿਆਂ ਨੂੰ ਛਕਾਇਆ ਤੇ ਹਰੇਕ ਦੇ ਨਾਮ ਪਿਛੇ ਸਿੰਘ ਪਦ ਲਾਉਣ ਉਪਰੰਤ, ਕੁਝ ਇਸ ਭਾਵ ਦੇ ਸ਼ਬਦਾਂ ਨਾਲ ਸੰਬੋਧਨ ਕੀਤਾ :

"ਅੱਜ ਤੋਂ ਤੁਹਾਡਾ ਗੁਰੂ ਘਰ ਵਿਚ ਨਵਾਂ ਜਨਮ ਹੋਇਆ ਹੈ । ਪਿਛਲੀਆਂ ਜਾਤਾਂ, ਗੋਤਾਂ ਆਦਿ ਦੇ ਸਭ ਵਿਤਕਰੇ ਖ਼ਤਮ ਹੋਏ ਹਨ । ਅੱਜ ਤੋਂ ਤੁਸੀਂ 'ਵਾਹਿਗੁਰੂ ਜੀ ਕਾ ਖਾਲਸਾ', ਮੇਰੇ ਪਿਆਰੇ ਤੇ ਭਾਈ ਭਾਈ ਹੋ । ਸਦਾ, ਇਕ ਅਕਾਲ ਦੀ ਟੇਕ ਰਖਣੀ ਤੇ ਓਸੇ ਦੀ ਜਾਗਦੀ ਜੋਤਿ ਨੂੰ ਜਪਣਾ, ਕਿਸੇ ਦੇਵੀ-ਦੇਵਤੇ, ਗੋਰ, ਮੜ੍ਹੀ, ਮੱਠ ਆਦਿ ਨੂੰ ਭੁੱਲ ਕੇ ਵੀ ਨਹੀਂ ਮੰਨਣਾ । ਹੁਣ ਤੋਂ ਤੁਸੀਂ ਮੇਰਾ 'ਖ਼ਾਸ ਰੂਪ ਖ਼ਾਲਸਾ ਹੋ '। ਮੇਰੀ ਰਹਿਣੀ, ਮੇਰੇ ਕਰਨੀ, ਤੁਹਾਡੀ ਕਰਨੀ ਤੇ ਰਹਿਣੀ ਹੋਵੇਗੀ । ਗੁਰੂ ਸਦਾ ਅੰਗ ਸੰਗ ਹੋਵੇਗਾ; ਇਤਿਆਦਿ ।"

'ਪ੍ਰੇਮ ਦੇ ਇਸ 'ਵਚਿੱਤਰ ਖੇਲ' ਵਿਚ ਇਕ ਹੋਰ ਅਤਿ ਅਲੌਕਿਕ ਝਾਕੀ ਓਦੋਂ ਵਾਪਰੀ ਜਦ ਅੰਮ੍ਰਿਤ-ਦਾਤਾ ਸ੍ਰੀ ਦਸਮੇਸ਼ ਜੀ ਨੇ ਗੋਡਿਆਂ ਪਰਨੇ ਹੋ, ਇਨ੍ਹਾਂ ਗੁਰੂ-ਰੂਪ ਹੋ ਚੁਕੇ ਪੰਜਾਂ ਪਿਆਰਿਆਂ ਅਗੇ, ਹੱਥ ਅੱਡ ਕੇ ਜਾਚਨਾ ਕੀਤੀ ਕਿ ਅੰਮ੍ਰਿਤ ਦੀ ਇਹ ਦਾਤਿ ਉਨ੍ਹਾਂ ਨੂੰ ਵੀ ਬਖ਼ਸ਼ੀ ਜਾਵੇ । ਸਤਿਗੁਰਾਂ ਦੇ ਇਸ ਅਦੁੱਤੀ ਕਰਤੱਵ ਨੇ ਸਭ ਦੇ ਨੇਤਰ ਸੱਜਲ ਕਰ ਦਿੱਤੇ । ਸਭ ਪ੍ਰੇਮ-ਮੁਗਧ ਹੋ ਗੁਰਦੇਵ ਦੇ ਚਰਨ-ਕੰਵਲਾਂ ਤੋਂ ਵਾਰਨੇ ਜਾਣ ਲਗੇ । ਕੌਣ ਬਿਆਨੇ, ਅਦੁੱਤੀ ਸਤਿਗੁਰੂ ਜੀ ਦੇ ਇਸ ਕਮਾਲ ਅਤੇ 'ਆਪੇ ਗੁਰ ਚੇਲਾ' ਹੋਣ ਦੇ ਲਾਸਾਨੀ ਫ਼ਲਸਫ਼ੇ ਤੇ ਪ੍ਰੀਤ-ਰੀਤ ਨੂੰ ! ਭਾਈ ਨੰਦ ਲਾਲ ਜੀ ਨੇ ਸ਼ਾਇਦ ਕੁਝ ਅਜਿਹੇ ਦ੍ਰਿਸ਼ਾਂ ਤੋਂ ਹੀ ਪ੍ਰਭਾਵਤ ਹੋ; ਇਹ ਸ਼ੇਅਰ ਰਚੇ ਸਨ :

(ੳ) **ਤਾਲਬੋ ਮਤਲੂਬ ਗੁਰ ਗੋਬਿੰਦ ਸਿੰਘ ।'**

(ਅ) **ਸਾਜਦੋ ਮਸਜੂਦ ਗੁਰ ਗੋਬਿੰਦ ਸਿੰਘ ।'**

(ੲ) **ਦਿਲਿ ਆਸ਼ਕ ਬਅੰਦਕ ਫ਼ੁਰਸਤੇ, ਮਾਸ਼ੂਕ ਮੇ ਗਰਦਦ ।**
**ਸਰਾ ਪਾ ਜਾਂ ਸ਼ਵਦ, ਹਰ ਕਸ, ਕਿ ਬਾ ਜਾਨਾਨਾ ਮੇ ਸਾਜ਼ਦ ।'** (ਗ਼ਜ਼ਲ ੨੧)

(ਸ) **ਆਸ਼ੁਫ਼ਤਾਇ ਆਨੇਮ ਕਿ ਆਸ਼ੁਫ਼ਤਾਇ ਮਾਸਤ ।**
**ਮਾ ਸ਼ਾਹ ਨ ਦਾਨੇਮ, ਗਦਾ ਰਾ ਨ ਸ਼ਨਾਸੇਮ ।** (ਗ਼ਜ਼ਲ ੫੮)

ਇਸੇ ਤਰ੍ਹਾਂ ਸ੍ਰੀ ਅਨੰਦਪੁਰ ਦੀ ਪਾਵਨ ਧਰਤੀ ਉੱਤੇ ਸੰਮਤ ੧੭੫੬ ਦੀ ਵੈਸਾਖੀ ਦੇ ਦਿਨ ਮਨੁੱਖ ਦੇ ਇਤਿਹਾਸ ਵਿਚ ਉਹ ਇਨਕਲਾਬ ਆਇਆ ਜੋ ਸੂਰਜ ਦੀ ਅੱਖ ਨੇ ਨਾ ਕਦੀ ਪਹਿਲੇ ਵੇਖਿਆ ਸੀ ਅਤੇ ਨਾ ਹੀ ਸ਼ਾਇਦ ਕਦੇ ਫੇਰ ਵੇਖੇ । ਪ੍ਰੇਮ ਦੀ ਇਸ ਅਲੌਕਿਕ ਖੇਡ ਦਾ ਭੇਤ ਓਦੋਂ ਖੁਲ੍ਹਿਆ ਜਦ ਗੁਰੂ ਜੀ ਦੇ ਇਕ ਇਕ ਸਿੰਘ ਨੇ ਸਵਾ ਸਵਾ ਲੱਖ ਨਾਲ ਟਾਕਰਾ ਕੀਤਾ । ਚਮਕੌਰ ਦੀ ਕੱਚੀ ਗੜ੍ਹੀ ਵਿਚ ਚਾਲੀ ਭੁੱਖੇ ਭਾਣੇ ਸਿੰਘਾਂ ਨੇ ਦਸ ਲੱਖ ਨਾਲ ਸਫ਼ਲ ਜੁਧ ਕੀਤਾ।ਸ੍ਰੀ ਕਲਗੀਧਰ ਜੀ ਦੀ ਇਹ ਕਰਾਮਾਤ ਓਦੋਂ ਪ੍ਰਚੰਡ ਹੋ ਚਮਕੀ ਜਦ ਸਿੰਘਾਂ, ਸਿੰਘਣੀਆਂ ਤੇ ਭੁਜੰਗੀਆਂ ਨੇ ਖੋਪਰੀਆਂ ਲੁਹਾ ਲਈਆਂ, ਬੰਦ ਬੰਦ ਕਟਵਾ ਲਏ, ਚਰਖੜੀਆਂ ਉੱਤੇ ਤੂੰਬਾ ਤੂੰਬਾ ਉਡਣਾ ਪਰਵਾਨ ਕਰ ਲਿਆ, ਬੱਚਿਆਂ ਨੂੰ ਟੁਕੜੇ ਕਰਵਾ ਕੇ ਝੋਲੀਆਂ ਵਿਚ ਪੁਆਇਆ, ਪੂਰਾਂ ਦੇ ਪੂਰ ਪਰਵਾਨਿਆ ਨੇ ਖਿੜੇ ਮੱਥੇ ਸ਼ਹਾਦਤ ਦੇ ਜਾਮ ਪੀਤੇ, ਪਰੰਤੂ ੧੭੫੬ ਦੀ ਇਤਿਹਾਸਕ ਵੈਸਾਖੀ ਵਾਲੇ ਪਾਵਨ ਦਿਵਸ ਪ੍ਰਾਪਤ ਕੀਤੇ ਸਿੱਖੀ ਸਿਦਕ ਨੂੰ ਕੇਸਾਂ ਸਵਾਸਾਂ ਨਾਲ ਨਿਭਾਇਆ । ਸਾਰੇ ਸਿੱਖ-ਇਤਿਹਾਸ ਵਿਚ ਇਕ ਵੀ ਘਟਨਾ ਅਜਿਹੀ ਨਹੀਂ ਮਿਲਦੀ ਜਦ ਕਿਸੇ ਵੀ ਗੁਰੂ ਦੇ ਸਿੰਘ ਦਾ ਸਿਦਕ ਡੋਲਿਆ ਹੋਵੇ ।

ਸਿੱਖੀ ਦੇ ਬ੍ਰਿਛ ਨੂੰ ਸਿਦਕ ਦੇ ਲੱਗੇ ਫਲ ਦੇ ਸਿੱਖਰ ਦਾ ਇਕ ਅਲੌਕਿਕ ਦ੍ਰਿਸ਼ ਓਦੋਂ ਨਜ਼ਰੀ ਆਉਂਦਾ ਤੇ ਅੱਖਾਂ ਨੂੰ ਚੁੰਧਿਆਉਂਦਾ ਹੈ ਜਦ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਗ੍ਰਿਫ਼ਤਾਰ ਕੀਤੇ ਗਏ ਸਤ ਸੋ ਤੋਂ ਵਧੀਕ ਸਿੰਘਾਂ ਦੇ, ਸੌ ਸੌ ਦੇ ਜਥੇ ਨੂੰ ਦਿੱਲੀ ਵਿਖੇ ਰੋਜ਼ ਕਤਲ ਕੀਤਾ ਜਾਂਦਾ ਸੀ । ਜਦ ਕਾਜ਼ੀ ਹਰੇਕ ਸਿੰਘ ਨੂੰ ਇਸਲਾਮ ਜਾਂ ਮੌਤ ਚੋਂ ਇੱਕ ਨੂੰ ਚੁਣਨ ਦੀ ਪੇਸ਼ਕਸ਼ ਕਰਦਾ ਤਾਂ ਕੀ ਮਜਾਲ ਜੋ ਤਸੀਹਾਂ

ਨਾਲ ਵਾਲ ਵਿੰਨ੍ਹੇ, ਕਿਸੇ ਇੱਕ ਵੀ ਸਿੰਘ ਦੇ ਸਿਦਕ ਵਿਚ ਕਿਸੇ ਪਰਕਾਰ ਦੀ ਲਗ਼ਜ਼ਸ (ਕਮਜ਼ੋਰੀ) ਆਈ ਹੋਵੇ । ਇਸ ਬਾਰੇ ਇਤਿਹਾਸਕਾਰ ਖ਼ਾਫ਼ੀ ਖ਼ਾਨ ਦੀ ਗਵਾਹੀ ਨੇ ਤਾਂ ਸਿੱਖੀ ਸਿਦਕ ਨੂੰ ਉਹ ਉਜਾਗਰ ਕੀਤਾ ਹੈ ਕਿ ਵਰਤਮਾਨ ਜੁਗ ਦੇ ਸਿੱਖ ਗੱਭਰੂਆਂ ਦੀ ਸਿੱਖ ਰਹਿਤ ਮਰਯਾਦਾ ਵਿਚ ਪਰਪੱਕ ਨਾ ਰਹਿਣ ਦੀ ਅਰੁਚੀ ਨਾ-ਕੇਵਲ ਲੱਜਾ ਦਾ ਹੀ ਕਾਰਨ ਹੈ, ਸਗੋਂ ਨਾ-ਖਿਮਾ ਕੀਤੀ ਜਾਣ ਵਾਲੀ ਅਵੱਗਿਆ ਤੇ ਸਿੱਖਾਂ ਜਿਹੀ ਸਿਰਮੌਰ ਕੌਮ ਉੱਤੇ ਇਕ ਬਦ-ਨੁਮਾ ਧੱਬਾ ਵੀ । ਉਹ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਜੋ ਸਿੱਖ ਗ੍ਰਿਫ਼ਤਾਰ ਕੀਤੇ ਗਏ ਉਨ੍ਹਾਂ ਵਿਚ ਛੋਟੀ ਉਮਰ ਦਾ ਇਕ ਨਾਬਾਲਗ ਬੱਚਾ ਵੀ ਸੀ । ਇਸ ਬੱਚੇ ਦੀ ਬੁੱਢੀ ਮਾਂ ਨੇ ਕਿਸੇ ਤਰ੍ਹਾਂ ਦਿੱਲੀ ਪੁੱਜ ਕੇ ਅਤੇ ਦੀਵਾਨ ਰਤਨਚੰਦ ਰਾਹੀਂ, ਇਹ ਕਹਿ ਕੇ ਕਿ ਉਸ ਦਾ ਨਾਬਾਲਗ ਬੱਚਾ ਸਿੱਖ ਨਹੀਂ, ਜਿਵੇਂ ਕਿਵੇਂ, ਉਸ ਦੀ ਰਿਹਾਈ ਦਾ ਸ਼ਾਹੀ ਪਰਵਾਨਾ ਹਾਸਲ ਕਰ ਲਿਆ । ਜਿਸ ਦਿਨ ਤੇ ਜਿਸ ਸਮੇਂ ਉਹ ਬੀਰ ਬੱਚਾ ਕਤਲ ਹੋਣ ਲਈ ਅੱਗੇ ਵਧਿਆ, ਉਸ ਦੀ ਮਾਤਾ ਭੀੜ ਨੂੰ ਚੀਰਦੀ ਅੱਗੇ ਆਈ ਤੇ ਸੰਬੰਧਤ ਅਧਿਕਾਰੀ ਨੂੰ ਉਸ ਦੀ ਰਿਹਾਈ ਲਈ ਪ੍ਰਾਪਤ ਕੀਤਾ ਪਰਵਾਨਾ ਇਹ ਆਖ ਕੇ ਪੇਸ਼ ਕੀਤਾ ਕਿ ਉਸ ਦਾ ਬੱਚਾ ਸਿੱਖ ਨਹੀਂ, ਐਵੇਂ ਗ਼ਲਤੀ ਨਾਲ ਸਿੱਖਾਂ ਵਿਚ ਫੜਿਆ ਗਿਆ ਹੈ । ਮਮਤਾ ਦੀ ਮਾਰੀ ਮਾਤਾ ਦੀ ਇਸ ਲਿਲਕੜੀ ਉੱਤੇ ਜਦ ਮੁਫ਼ਤੀ ਨੇ ਉਸ ਬੱਚੇ ਦੀ ਰਿਹਾਈ ਦਾ ਹੁਕਮ ਦੇ ਦਿੱਤਾ ਤਾਂ ਸ੍ਰੀ ਕਲਗੀਧਰ ਦੀ ਸਿੱਖੀ ਤੇ ਸਿਦਕ ਨੂੰ ਰਹਿੰਦੀ ਦੁਨੀਆ ਤੱਕ ਚਾਰ ਚੰਦ ਲਾਉਣ ਵਾਲਾ ਉਹ ਬਹਾਦਰ ਬੱਚਾ ਅੱਗੋਂ ਬੜੇ ਰੋਹ ਤੇ ਜਲਾਲ ਵਿਚ ਪੁਕਾਰ ਉਠਿਆ :

**ਮਾਦਰਮ ਦਰੋਗ਼ ਮੇ ਗੋਇਦ । ਮਨ, ਬਦਿੱਲੋ ਜਾਨ, ਅਜ ਮੋਅਤਕਿਦਾਂ ।**

**ਵ ਫ਼ਿਦਾਯਨਿ, ਜਾਂ ਨਿਸਾਰਿ ਮੁਰਸ਼ਦਿ ਖ਼ੁਦਮ ।**

**ਮਰਾ ਜ਼ੂਦ ਬਾ ਰਫ਼ੀਕਾਨਿ ਮਨ ਰਸਾਨੇਦ ।**(ਖ਼ਾਫ਼ੀ ਖ਼ਾਨ)

ਭਾਵਾਰਥ-ਮੇਰੀ ਮਾਂ ਝੂਠ ਬੋਲਦੀ ਹੈ (ਕਿ ਮੈਂ ਸਿੱਖ ਨਹੀਂ ਹਾਂ) । ਮੈਂ, (ਸ੍ਰੀ ਗੁਰੂ ਗੋਬਿੰਦ ਸਿੰਘ ਉੱਤੇ) ਈਮਾਨ ਰਖਣ ਵਾਲਿਆਂ ਅਤੇ ਆਪਣੇ ਮੁਰਸ਼ਦ (ਗੁਰੂ) ਤੋਂ ਜਿੰਦ ਵਾਰਨ ਵਾਲਿਆਂ ਵਿੱਚੋਂ ਹੀ ਇੱਕ ਹਾਂ । (ਇਸ ਲਈ) ਮੈਨੂੰ ਛੇਤੀ ਮੇਰੇ (ਸ਼ਹੀਦ ਹੋ ਚੁਕੇ) ਸਾਥੀਆਂ ਪਾਸ ਪਹੁੰਚਾ ਦਿਓ ।

ਕਿਉਂ ਜੀ, ਕੀ ਇਹ ਸਿੱਖੀ ਸਿਦਕ ਤੇ ਸਤਿਗੁਰਾਂ ਲਈ ਪ੍ਰੀਤ ਤੇ ਪ੍ਰਤੀਤ, ੧੭੫੬ ਦੀ, ਵੈਸਾਖੀ ਵਾਲੇ ਦਿਨ ਬਖ਼ਸ਼ੇ ਅੰਮ੍ਰਿਤ ਦੀ ਅਦੁੱਤੀ ਕਰਾਮਾਤ ਨਹੀਂ ? ਕੀ ਜੇ 'ਗੁਰੂ ਕੇ ਸਿੰਘਾਂ' ਨੂੰ ਆਪਣੇ ਅੰਮ੍ਰਿਤ-ਦਾਤੇ ਤੇ ਸਰਬੰਸ-ਦਾਨੀ ਸਤਿਗੁਰੂ ਉੱਤੇ ਨਾਜ਼ ਹੈ ਤਾਂ ਸ੍ਰੀ ਸਤਿਗੁਰੂ ਨੂੰ ਆਪਣੇ ਅਜਿਹੇ ਦੂਲੇ, ਸ਼ਹੀਦ ਸਿੰਘਾਂ ਉੱਤੇ ਘਟ ਮਾਣ ਹੈ ? ਗੁਰੂ ਤੇ ਸਿੱਖ ਦੀ ਇਸ ਦੁਵੱਲੀ, ਸਮਾਨ ਪ੍ਰੀਤ-ਖਿਚ ਨੂੰ ਵੇਖ ਕੇ ਹੀ ਭਾਈ ਗੁਰਦਾਸ ਜੀ (ਦੂਜੇ) ਬੇਸਾਖ਼ਤਾ ਪੁਕਾਰ ਉੱਠੇ ਸਨ :

**ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ ।**

ਅਤੇ ਏਸੇ ਲਈ ਇਨ੍ਹਾਂ ਸਤਰਾਂ ਦੇ ਲੇਖਕ ਨੇ ਪੂਰੇ ਸਤਿਕਾਰ ਤੇ ਮਾਣ ਲਈ ਇਹ ਦਾਅਵਾ ਕੀਤਾ ਹੈ ਕਿ ਮਨੁੱਖ ਦੇ ਇਤਿਹਾਸ ਵਿਚ ਸੰਮਤ ੧੭੫੬ ਦੀ ਪਵਿੱਤਰ ਵੈਸਾਖੀ ਅਦੁੱਤੀ ਤੇ ਅਲੌਕਿਕ ਹੈ । ਏਸ ਦਿਨ ਉਸ ਪੂਰਨ ਮਨੁੱਖ-ਖਾਲਸੇ ਦੀ ਸਿਰਜਨਾ ਹੋਈ ਸੀ, ਜਿਸ ਦੇ ਦੈਵੀ ਕਰਤੱਵ-ਸੇਵਾ, ਸਿਮਰਨ ਤੇ ਕੁਰਬਾਨੀ-ਉੱਤੇ ਮਾਨਵਤਾ, ਸਦਾ ਸਦਾ ਜਿੰਨਾ ਵੀ ਨਾਜ਼ ਕਰੇ, ਥੋੜਾ ਹੈ ।

ਅੱਜ ਦੇ ਸੁਭਾਗੇ ਦਿਨ ਮੇਰੀ ਗੁਰੂ-ਰੂਪ ਖਾਲਸੇ ਨੂੰ ਸਨਿਮਰ ਚੇਤਾਵਨੀ ਹੈ ਕਿ:

**ਗੋਬਿੰਦ ਗੁਰੂ ਕਾ ਖਾਲਸਾ ਤੂ, ਹੈ ਸ਼ਾਹੀਂ ਕੀ ਪਰਵਾਜ਼ ਤੇਰੀ ।**

**ਹੱਕ-ਪਰਚਮ ਜੋ ਗੁਰੂ ਨਾਨਕ ਕਾ, ਤੁਝੇ ਕਸਮ ਹੈ ਵਿਸ਼ਵ ਝੁਲਾਨੇ ਕੀ ।**(ਹਰਿਭਜਨ ਸਿੰਘ)

ਨੋਟ - ਅਫ਼ਸੋਸ ਹੈ ਕਿ ਅਸੀਂ 'ਖੰਡੇ ਦੇ ਅੰਮ੍ਰਿਤ' ਦੀ ਅਸਲੀ ਕਰਾਮਾਤ ਨੂੰ ਵਿਸਾਰ ਕੇ ਅੱਜ-ਕੱਲ੍ਹ ਇਸ ਬੇਸੂਦ ਬਹਿਸ ਵਿਚ ਉਲਝ ਰਹੇ ਹਾਂ ਕਿ ਕਲਗੀਆਂ ਵਾਲੇ ਪਾਤਸ਼ਾਹ ਨੇ ਬੰਦੇ ਝਟਕਾਏ ਕਿ ਬੱਕਰੇ ? ਯਾਦ ਰੱਖੋ ਸਚੇ ਪਾਤਸ਼ਾਹ ਦਾ ਪ੍ਰੀਖਿਆ ਲਈ ਰੱਚਿਆ ਇਹ ਇਕ ਮਹਾਨ ਤੇ ਗੂਹਜ ਨਾਟਕ ਸੀ । ਜੋ ਕੁਝ ਤੰਬੂ ਦੇ ਪਰਦੇ ਵਿੱਚ ਹੋਇਆ, ਉਹ ਪਰਦੇ ਦੀ ਗੱਲ ਹੀ ਰਹਿਣੀ ਉਚਿਤ ਹੈ । ਇਤਿਹਾਸ ਇਕ ਗੱਲ ਦੀ ਸ਼ਾਹਦੀ ਭਰਦਾ ਹੈ ਅਤੇ ਜਜ਼ਬਾਤ ਦੂਜੇ ਪਾਸੇ ਦੀ ਗੱਲ ਕਰਦਾ ਹੈ । ਗੱਲ ਸਿੱਖਾਂ ਦੇ ਸਿਦਕ ਪਰਖਣ ਦੀ ਹੈ ਅਤੇ ਉਹ ਇਸ ਪਰਚੇ ਵਿਚ ਸੌ ਫ਼ੀ ਸਦੀ ਸਫਲ ਹੋਏ । ਸੋ, ਅੰਬ ਖਾਵੋ, ਐਵੇਂ ਰੁੱਖ ਗਿਣਨ ਦੇ ਵਾਦ-ਵਿਵਾਦ ਵਿੱਚ ਨਾ ਉਲਝੋ ।

**ਧੰਨਵਾਦਿ ਸਾਹਿਤ ਵਿਚੋਂ :- ਗੁਰਮਤਿ ਵਿਆਖਿਆਨ**

## ਹਰਿ ਜਪਦਿਆ ਖਿਨੁ ਢਿਲ ਨ ਕੀਜਈ

ਹਰੀ ਸਿੰਘ (ਕੁਵੈਤ ਵਾਲੇ)

ਇਸ ਜੀਵ ਨੂੰ ਅਨੇਕ ਜਨਮ ਭਟਕਦੇ ਰਹਿਣ ਤੋਂ ਬਾਅਦ ਬੜੀ ਮੁਸ਼ਕਲ ਨਾਲ ਇਹ ਮਨੁੱਖਾ ਦੇਹ ਮਿਲਦੀ ਹੈ ਤੇ ਇਸ ਸੰਸਾਰ ਵਿੱਚ ਆਉਂਦਾ ਹੈ । ਇਸ ਲਈ, ਇਸ ਨੂੰ ਚਾਹੀਦਾ ਹੈ ਕਿ ਇਹ ਦੇਹੀ ਜੋ ਇਸ ਨੂੰ ਮਿਲੀ ਹੈ ਉਸ ਰਾਹੀਂ ਪ੍ਰਮਾਤਮਾ ਦੀ ਭਗਤੀ ਕਰਕੇ, ਇਸ ਅਵਸਰ ਦਾ ਪੂਰਾ ਪੂਰਾ ਲਾਭ ਉਠਾਂਦੇ ਹੋਏ ਆਪਣਾ ਜਨਮ ਸਫਲ ਕਰਕੇ ਵਾਪਸ ਜਾਵੇ । ਪਰ ਜੀਵ ਦੀ ਬਦਕਿਸਮਤੀ ਕਿ ਇਹ ਇਥੇ ਸੰਸਾਰ ਵਿੱਚ ਆ ਕੇ ਪ੍ਰਵਾਰਿਕ ਮੋਹ, ਧਨ ਦੌਲਤ ਇਕੱਠੀ ਕਰਨੀ ਤੇ ਮਹਿਲ ਮਾੜੀਆਂ ਦੇ ਝੰਮੇਲਿਆਂ ਵਿੱਚ ਐਸਾ ਖਚਤ ਹੁੰਦਾ ਹੈ ਕਿ ਇਹ ਜੀਵਨ ਦੇ ਅਸਲੀ ਪ੍ਰਯੋਜਨ ਬਾਰੇ ਬਿਲਕੁਲ ਭੁੱਲ ਜਾਂਦਾ ਹੈ । ਸਾਨੂੰ ਗੁਰਬਾਣੀ ਦਾ ਉਪਦੇਸ਼ ਹੈ :-

ਪ੍ਰਾਣੀ ਏਕੋ ਨਾਮੁ ਧਿਆਵਹੁ ॥
ਅਪਨੀ ਪਤਿ ਸੇਤੀ ਘਰਿ ਜਾਵਹੁ ॥੧॥ ਰਹਾਉ ॥ -ਮਲਾਰ (ਮਃ ੧) - ਅੰਗ 1254

ਬਸ ਦੁਨਿਆਵੀ ਰੰਗ ਤਮਾਸ਼ਿਆਂ, ਖਾਣਾ ਪੀਣਾ ਤੇ ਹੱਸਣਾ ਸੌਣੇ ਵਿੱਚ ਹੀ ਮਸੱਤ ਹੋ ਜਾਂਦਾ ਹੈ ਅਤੇ ਮਰਨਾ ਵਿਸਰ ਜਾਂਦਾ ਹੈ :-

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥੧॥ ਅੰਗ 1254

ਇੱਕ ਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਅਨੰਦਪੁਰ ਸਾਹਿਬ ਦਰਬਾਰ ਸਜਿਆ ਹੋਇਆ ਸੀ ਤੇ ਆਪ ਤੱਖਤ ਉਪਰ ਬਿਰਾਜਮਾਨ ਸਨ । ਆਪ ਜੀ ਨੇ ਸੁੰਦਰ ਪੁਸ਼ਾਕ ਪਾਈ ਹੋਈ ਸੀ ਤੇ ਸਿਰ ਤੇ ਕਲਗੀ ਸੋਭ ਰਹੀ ਸੀ । ਇੱਕ ਹੱਥ ਬਾਜ ਤੇ ਦੂਸਰੇ ਹੱਥ ਵਿੱਚ ਸ਼ਮਸ਼ੀਰ ਫੜੀ ਹੋਈ ਸੀ । ਪਿਠ ਪਿੱਛੇ ਸੋਨੇ ਦੀਆਂ ਨੋਕਾਂ ਵਾਲੇ ਤੀਰਾਂ ਨਾਲ ਭਰਿਆ ਹੋਇਆ ਭਥਾ ਲਮਕ ਰਿਹਾ ਸੀ । ਦੂਰੋਂ ਨੇੜਿਓ ਆਈਆਂ ਸੰਗਤਾਂ ਵਿਚੋਂ ਇੱਕ ਪਾਸੇ ਸੂਰਵੀਰ ਸਿੰਘ ਤੇ ਦੂਸਰੇ ਪਾਸੇ ਸਿੰਘਣੀਆਂ ਬੈਠੀਆਂ ਗੁਰੂ ਜੀ ਦੇ ਬਚਨ ਸੁਣ ਰਹੀਆਂ ਸਨ ।

ਏਨੇ ਨੂੰ ਇੱਕ ਮੁਸਲਮਾਨ ਸਾਂਈ ਫਕੀਰ ਦਰਸ਼ਨਾਂ ਨੂੰ ਆਇਆ ਪਰ ਇਹ ਸਾਰਾ ਸ਼ਾਹੀ ਠਾਠ ਵੇਖ ਕੇ ਪਿਛੇ ਹੀ ਖੜਾ ਹੈਰਾਨ ਹੋ ਰਿਹਾ ਸੀ ਕਿ ਉਹ ਤਾਂ ਸੋਚਦਾ ਸੀ ਕਿ ਨਾਨਕ ਪੀਰ ਦੀ ਗੱਦੀ ਦਾ ਵਾਰਸ ਕੋਈ ਫਕੀਰੀ ਲਿਬਾਸ ਵਿੱਚ ਫੱਟੇ ਪੁਰਾਣੇ ਕੱਪੜੇ ਪਾਈ, ਸਿਰ ਤੇ ਜਟਾਵਾਂ ਤੇ ਹੱਥ ਵਿੱਚ ਮਾਲਾ ਹੋਵੇਗੀ । ਇਥੇ ਤਾਂ ਬਿਲਕੁਲ ਗੱਲ ਉਲਟ ਹੋ ਰਹੀ ਹੈ । ਏਨੇ ਨੂੰ ਕਾਬਲ ਦੀ ਸੰਗਤ ਆਈ ਜਿਨ੍ਹਾਂ ਵਿੱਚ ਬਹੁਤ

ਸਾਰੀਆਂ ਬੀਬੀਆਂ ਸਨ। ਸਾਰਿਆਂ ਨੇ ਆ ਕੇ ਗੁਰੂ ਜੀ ਨੂੰ ਮੱਥੇ ਟੇਕੇ ਤੇ ਉਨ੍ਹਾਂ ਨੇ ਸਭ ਨੂੰ ਅਸੀਸਾਂ ਦਿੱਤੀਆਂ। ਇਹ ਸਾਰਾ ਨਜਾਰਾ ਵੇਖ ਕੇ ਫਕੀਰ ਦੀ ਸ਼ਰਧਾ ਹੋਰ ਵੀ ਡਾਵਾ ਡੋਲ ਹੋ ਗਈ ਕਿ ਜਿਹੜਾ ਗੁਰੂ ਐਸੇ ਸ਼ਾਹਨਸ਼ਾਹ ਵਾਲੇ ਠਾਠ ਵਿੱਚ ਰਹਿੰਦਾ ਹੋਵੇ ਉਹ ਕਿਵੇ ਭਗਤੀ ਕਰ ਸਕਦਾ ਹੈ ਤੇ ਜਿਸ ਦੇ ਅੱਗੇ ਪਿਛੇ ਸੁੰਦਰ ਇਸਤਰੀਆਂ ਫਿਰਦੀਆਂ ਹੋਣ ਉਹ ਕਿਵੇਂ ਕਾਮ ਵਾਸਨਾ ਤੋਂ ਬਚਿਆ ਰਹਿ ਸਕਦਾ ? ਦਿਲ ਅੱਗੇ ਜਾਣ ਲਈ ਨਾ ਮਨਿਆ ਤੇ ਨਿਰਾਸ਼ ਹੋ ਕੇ ਵਾਪਸ ਮੁੜਨ ਲੱਗਾ। ਅੰਤਰਜਾਮੀ ਗੁਰੂ ਸਾਹਿਬ ਨੇ ਵੇਖ ਲਿਆ ਤੇ ਇੱਕ ਸਿੱਖ ਨੂੰ ਭੇਜਿਆ ਕਿ ਉਸ ਨੂੰ ਬੁਲਾਕੇ ਲਿਆਵੋ। ਜਦੋਂ ਪਾਸ ਆਇਆ ਤਾਂ ਗੁਰੂ ਜੀ ਨੇ ਕਿਹਾ ਕਿ ਸਾਂਈ ਫਕੀਰ ਵਾਪਸ ਕਿਉਂ ਜਾ ਰਹੇ ਹੋ ? ਫਕੀਰ ਨੇ ਉੱਤਰ ਦਿੱਤਾ "ਜੋ ਮੈਂ ਵੇਖਣਾ ਸੀ ਵੇਖ ਲਿਆ ਹੈ। ਸਾਰਾ ਝੂਠ ਦਾ ਪਸਾਰਾ ਹੈ, ਉੱਚੀ ਦੁਕਾਨ ਤੇ ਫਿੱਕਾ ਪਕਵਾਨ ਹੈ।"

ਗੁਰੂ ਜੀ ਨੇ ਕਿਹਾ ਕਿ ਸਾਂਈ ਫਕੀਰ ਤੈਨੂੰ ਪਤਾ ਨਹੀਂ ਕਿ ਅੱਜ ਤੋਂ ਦਸਵੇਂ ਦਿਨ ਤੇਰੀ ਮੌਤ ਹੋ ਜਾਂਣੀ ਹੈ। ਇਹ ਸੁਣਦੇ ਸਾਰ ਫਕੀਰ ਬਹੁਤ ਘਬਰਾ ਗਿਆ ਤੇ ਗੁਰੂ ਦੇ ਚਰਨੀ ਡਿੱਗ ਪਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ ਜੇ ਇਹ ਸੱਚ ਹੈ ਤਾਂ ਮੈਨੂੰ ਆਪਣੇ ਚਰਨਾਂ ਵਿੱਚ ਥੋੜੀ ਥਾਂ ਦੇਵੋ ਤਾਂ ਜੋ ਮੈਂ ਇਹ ਬਾਕੀ ਦੇ ਥੋੜ੍ਹੇ ਦਿਨ ਬੰਦਗੀ ਕਰਕੇ ਗੁਜਾਰ ਸਕਾਂ। ਗੁਰੂ ਜੀ ਮੰਨ ਗਏ ਤੇ ਉਸ ਦੇ ਰਹਿਣ ਤੇ ਖਾਂਣ ਪੀਣ ਦਾ ਸਾਰਾ ਪ੍ਰਬੰਧ ਕਰ ਦਿੱਤਾ। ਹੁਣ ਫਕੀਰ ਸਭ ਕੁਝ ਭੁੱਲ ਗਿਆ ਤੇ ਹਰ ਸਮੇਂ ਅਲਾਹ-ਅਲਾਹ ਦਾ ਜਾਪ ਕਰਨ ਲੱਗ ਗਿਆ।

੪/੫ ਦਿਨਾਂ ਬਾਅਦ ਦਰਬਾਰ ਵਿੱਚ ਇੱਕ ਵੇਸਵਾ ਆਪਣੇ ਸਾਥੀਆਂ ਨਾਲ ਆਈ ਤੇ ਆਪਣੀ ਨਿਰਤਕਾਰੀ ਵਿਖਾਉਣ ਲਈ ਸਮਾਂ ਮੰਗਿਆ। ਗੁਰੂ ਜੀ ਨੇ ਸਾਫ ਇਨਕਾਰ ਕਰ ਦਿੱਤਾ ਕਿ ਗੁਰੂ ਨਾਨਕ ਦੇ ਦਰਬਾਰ ਵਿੱਚ ਨਾਚ ਤੇ ਗਾਣੇ ਲਈ ਕੋਈ ਥਾਂ ਨਹੀਂ। ਫਿਰ ਖਿਆਲ ਆਇਆ ਕਿ ਚਲੋ ਇਸ ਨੂੰ ਫਕੀਰ ਪਾਸ ਭੇਜ ਦਿੰਦੇ ਹਾਂ ਤਾਂ ਜੋ ਉਸ ਦਾ ਦਿਲ ਪ੍ਰਚਾਵਾ ਹੋ ਜਾਵੇਗਾ। ਜਦੋਂ ਵੇਸਵਾ ਫਕੀਰ ਪਾਸ ਪੁੱਜੀ ਤਾਂ ਉਹ ਕੰਨਾਂ ਤੇ ਹੱਥ ਰੱਖਦਾ ਤੋਬਾ ਕਰਦਾ ਹੋਇਆ ਪੁਕਾਰ ਉਠਿਆ ਕਿ ਇਸ ਨੂੰ ਇਥੋਂ ਲੈ ਜਾਵੋ। ਏਨੇ ਨੂੰ ਗੁਰੂ ਜੀ ਆ ਗਏ ਤੇ ਸਮਝਾਇਆ ਕਿ ਵੇਖੋ ਸਾਂਈ ਫਕੀਰ, ਤੁਹਾਨੂੰ ਹੁਣ ਨਿਸਚਾ ਹੈ ਕਿ ਤੁਹਾਡੀ ੫ ਦਿਨਾਂ ਬਾਅਦ ਮੌਤ ਹੋ ਜਾਂਣੀ ਹੈ ਤਾਂ ਤੁਸੀ ਕੋਈ ਵੀ ਗਲਤ ਕੰਮ ਕਰਨ ਲਈ ਰਾਜੀ ਨਹੀਂ। ਇਸੇ ਤਰ੍ਹਾਂ ਸਾਨੂੰ ਤਾਂ ਇਹ ਵੀ ਭਰੋਸਾ ਨਹੀਂ ਕਿ ਜਿਹੜਾ ਇੱਕ ਸਵਾਸ ਬਾਹਰ ਗਿਆ ਉਹ ਵਾਪਸ ਵੀ ਆਵੇਗਾ ਕਿ ਨਹੀਂ ਤਾਂ ਸਾਡੇ ਅੰਦਰ ਭੈੜੇ ਵਿਚਾਰ ਕਿਵੇਂ ਪੈਦਾ ਹੋ ਸਕਦੇ ਹਨ ? ਖੈਰ ਇਹ ਤਾਂ ਸਾਰਾ ਨਾਟਕ ਆਪ ਨੂੰ ਸਮਝਾਉਂਣ ਲਈ ਕਰਨਾ ਪਿਆ। ਜਾਓ ਅਜੇ ਆਪ ਦੀ ਮੌਤ ਆਉਣ ਵਾਲੀ ਨਹੀਂ। ਸਦਾ ਬਾਬੇ ਨਾਨਕ ਦਾ ਇਹ ਕਲਾਮ ਯਾਦ ਰੱਖੋ :-

**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ**
**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥ ਬਿਹਾਗੜਾ (ਮਃ ੪) - ਅੰਗ 540**

ਜੇਕਰ ਜਰਾ ਸੋਚੀਏ ਕਿ ਜੋ ਉਪਦੇਸ਼ ਗੁਰੂ ਜੀ ਸਾਂਈ ਫਕੀਰ ਨੂੰ ਦੇ ਰਹੇ ਸਨ, ਉਹ ਖਾਸ ਕਰਕੇ ਸਾਡੇ ਲਈ ਵੀ ਹੈ। ਗੁਰਬਾਣੀ ਸਾਨੂੰ ਵਾਰ ਵਾਰ ਚਿਤਾਵਨੀ ਦਿੰਦੀ ਹੈ ਕਿ ਐ ਜੀਵ ! ਜਰਾ ਸਾਵਧਾਨ ਹੋ ਕਿਉਂਕਿ ਤੂੰ ਸਦਾ ਇਥੇ ਸੰਸਾਰ ਵਿੱਚ ਬੈਠੇ ਨਹੀਂ ਰਹਿਣਾ। ਤੈਨੂੰ ਪ੍ਰਮਾਤਮਾ ਵੱਲੋਂ ਗਿਣੇ ਮਿਣੇ ਸਵਾਸ ਮਿਲੇ ਹਨ ਤੇ ਜਦੋਂ ਉਹ ਪੂਰੇ ਹੋ ਗਏ ਤਾਂ ਮੌਤ ਦਾ ਬਲਾਵਾ ਜ਼ਰੂਰ ਆ ਜਾਵੇਗਾ। ਜਿਵੇਂ :-

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥**
**ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥ ਸਲੋਕ (ਭ. ਫਰੀਦ) - ਅੰਗ੧੩੭੭**

ਇਸ ਲਈ ਸਾਨੂੰ ਚਾਹੀਦਾ ਹੈ ਕਿ ਸਾਡੇ ਅੰਦਰ ਸਦਾ ਮੌਤ ਦੀ ਯਾਦ ਬਣੀ ਰਹੇ ਤਾਂ ਜੋ ਅਸੀਂ ਆਪਣੀ ਮੰਜਲ '**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**' ਵੱਲ ਚਲਦੇ ਰਹੀਏ ।

ਆਓ ਅਸੀਂ ਵੀ ਗੁਰੂ ਜੀ ਵਲੋਂ ਸਾਂਈ ਫਕੀਰ ਨੂੰ ਦੱਸੀ ਜੁਗਤੀ ਦਾ ਦੱਸ ਦਿਨਾਂ ਲਈ ਮੌਤ ਬਾਰੇ ਇਹ ਛੋਟਾ ਜਿਹਾ ਅਭਿਆਸ ਕਰ ਕੇ ਦੇਖੀਏ । ਬੱਸ ਸੰਸਾਰ ਨਾਲੋ ਸਾਡੇ ਸਬੰਧ ਘੱਟਦੇ ਜਾਂਣ । ਜੋ ਕੋਈ ਸਾਡਾ ਅਪਮਾਨ ਕਰ ਜਾਵੇ ਜਾਂ ਕਿਸੇ ਨਾਲ ਕੋਈ ਲੜਾਈ ਝਗੜਾ ਹੋ ਜਾਵੇ ਸਾਨੂੰ ਗੁੱਸਾ ਨਾ ਆਵੇ ; ਜੇ ਕੋਈ ਦੁੱਖ ਜਾਂ ਸੁੱਖ ਆਵੇ ਜਾਂ ਕੋਈ ਲਾਭ ਜਾਂ ਨੁਕਸਾਨ ਹੋ ਜਾਵੇ ਅਸੀਂ ਅਡੋਲ ਰਹੀਏ । ਇਸੇ ਤਰ੍ਹਾਂ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਦਾ ਮੋਹ ਤੇ ਫਿਕਰ ਟੁੱਟ ਜਾਵੇ ਕਿਉਂਕਿ ਸਾਡੀ ਤਾਂ ਮੌਤ ਹੋਣ ਵਾਲੀ ਹੈ । ਬੱਸ ਹਰ ਸਮੇਂ ਉਸ ਪ੍ਰਮਾਤਮਾ ਦੀ ਯਾਦ ਅੰਦਰ ਬਣੀ ਰਹੀ । ਜੇ ਅਸੀਂ ਦੱਸ ਦਿਨ ਇਸ ਤਰ੍ਹਾਂ ਗੁਜਾਰ ਦਿੱਤੇ ਤਾਂ ਸੱਚ ਜਾਣੋ ਅਸੀਂ ਬਿਲਕੁਲ ਬਦਲ ਜਾਵਾਂਗੇ । ਸਾਨੂੰ ਅਨੁਭਵ ਹੋਵੇਗਾ ਕਿ ਜੀਉਂਦੇ ਜੀਅ ਅਸੀਂ ਕਿਵੇਂ ਮਰਨਾ ਹੈ ? ਤੇ ਪੁਕਾਰ ਉਠਾਂਗੇ :-

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥- ਅੰਗ ੧੧੦੨

ਇਸ ਦੇ ਉਲਟ ਅਸੀਂ ਤਾਂ ਮੌਤ ਨੂੰ ਸਦਾ ਭੁਲਾਈ ਰੱਖਦੇ ਹਾਂ ਤੇ ਇਸ ਦਾ ਨਾਮ ਤੱਕ ਸੁਣਨ ਲਈ ਤਿਆਰ ਨਹੀਂ । ਜੇ ਕਿਸੇ ਰਿਸ਼ਤੇਦਾਰਾਂ ਜਾਂ ਗੁਆਢੀਆਂ ਦੇ ਕੋਈ ਮਰ ਜਾਵੇ ਤਾਂ ਅਸੀਂ ਆਪਣੇ ਬੱਚਿਆਂ ਨੂੰ ਉੱਥੇ ਜਾਣ ਨਹੀਂ ਦਿੰਦੇ ਕਿ ਕਿਤੇ ਇਨ੍ਹਾਂ ਨੂੰ ਮੌਤ ਦਾ ਗਿਆਨ ਨਾ ਹੋ ਜਾਵੇ । ਅਸੀਂ ਸ਼ਮਸ਼ਾਨ ਘਾਟ ਪਿੰਡਾਂ ਤੇ ਸ਼ਹਿਰਾਂ ਤੋਂ ਦੂਰ ਬਣਾਉਂਦੇ ਹਾਂ ਤਾਂ ਜੋ ਉਨ੍ਹਾਂ ਨੂੰ ਵੇਖ ਕੇ ਮੌਤ ਦੀ ਯਾਦ ਨਾ ਆਵੇ । ਜੇ ਕਿਤੇ ਸਾਡੇ ਕਿਸੇ ਰਿਸ਼ਤੇਦਾਰਾਂ ਜਾਂ ਗੁਆਢੀਆਂ ਦੇ ਕਿਸੇ ਦੀ ਮੌਤ ਹੋ ਜਾਵੇ ਤਾਂ ਸਾਨੂੰ ਆਪਣੀ ਮੌਤ ਦੀ ਯਾਦ ਨਹੀਂ ਆਉਂਦੀ ਕਿ ਸਾਡੀ ਵੀ ਵਾਰੀ ਆਉਂਣ ਵਾਲੀ ਹੈ । ਅਸੀਂ ਤਾਂ ਸਗੋਂ ਆਪਣੇ ਆਪ ਨੂੰ ਤਸੱਲੀ ਦੇ ਲੈਂਦੇ ਹਾਂ ਕਿ ਉਨ੍ਹਾਂ ਨੇ ਮਰਨਾ ਸੀ ਅਸੀਂ ਥੋੜੇ । ਇਸ ਬਾਰੇ ਭਗਤ ਕਬੀਰ ਜੀ ਯਾਦ ਕਰਾਉਂਦੇ ਹਨ :-

ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ ॥
ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ ॥੧੬੭॥ ਸਲੋਕ (ਭ. ਕਬੀਰ) ਅੰਗ ੧੩੭੩

ਇਸੇ ਤਰ੍ਹਾਂ ਬਾਬਾ ਫਰੀਦ ਜੀ ਵੀ ਸਮਝਾਉਂਦੇ ਹਨ ਕਿ ਐ ਜੀਵ ! ਵੇਖ ਤੇਰੇ ਮਾਪੇ ਇਸ ਸੰਸਾਰ ਤੋਂ ਚੱਲੇ ਗਏ ਪਰ ਤੈਨੂੰ ਅਜੇ ਵੀ ਹੋਸ਼ ਨਹੀਂ ਆਉਂਦੀ ਕਿ ਤੇਰੀ ਵਾਰੀ ਵੀ ਆ ਰਹੀ ਹੈ :-

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩॥ ਅੰਗ ੧੩੮੧

ਕਈ ਸੱਜਨ ਆਮ ਤਰਕ ਕਰਦੇ ਹਨ ਕਿ ਜੇ ਮੌਤ ਦੀ ਯਾਦ ਹੀ ਸਦਾ ਅੰਦਰ ਬਣੀ ਰਹੇ ਤਾਂ ਅਸੀਂ ਇਸੇ ਫਿਕਰ ਤੇ ਚਿੰਤਾ ਵਿੱਚ ਡੁੱਬੇ ਰਹਾਂਗੇ ਤੇ ਕਿਸੇ ਕੰਮ ਕਰਨ ਨੂੰ ਦਿਲ ਨਹੀਂ ਕਰੇਗਾ । ਪਰ ਐਸਾ ਹਰਗਿਜ਼ ਨਹੀਂ ਹੈ । ਅਸੀਂ ਵੇਖਦੇ ਹਾਂ ਕਿ ਇੱਕ ਬੱਚੀ ਆਪਣੇ ਮਾਪਿਆਂ ਦੇ ਘਰ ਵੱਡੀ ਹੋ ਰਹੀ ਹੈ, ਉਹ ਜਾਂਣਦੀ ਹੈ ਕਿ ਜਦੋਂ ਇੱਕ ਦਿਨ ਉਹ ਮੁਟਿਆਰ ਹੋ ਜਾਵੇਗੀ ਤਾਂ ਉਸ ਦਾ ਵਿਆਹ ਹੋ ਜਾਵੇਗਾ ਤੇ ਇਹ ਘਰ ਛਡ ਕੇ ਸੌਹਰੇ ਘਰ ਜਾਂਣਾ ਹੋਵੇਗਾ । ਪਰ ਉਹ ਇਸ ਵਿਛੋੜੇ ਨੂੰ ਮਹਿਸੂਸ ਕਰਦੀ ਹੋਈ ਵੀ ਫਿਕਰਮੰਦ ਨਹੀਂ ਹੁੰਦੀ ਸਗੋਂ ਪੇਕੇ ਘਰ ਦੀਆਂ ਸਾਰੀਆਂ ਖੁਸ਼ੀਆਂ ਮਾਂਣਦੀ ਰਹਿੰਦੀ ਹੈ । ਇਸੇ ਤਰ੍ਹਾਂ ਜਦ ਕਦੀ ਅਸੀਂ ਰੇਲ ਜਾਂ ਬਸ ਦਾ ਸਫ਼ਰ ਕਰਦੇ ਹਾਂ, ਭਾਵੇ ਸਾਨੂੰ ਪਤਾ ਹੁੰਦਾ ਹੈ ਕਿ ਜਿਸ ਮੁਸਾਫ਼ਰ ਦੀ ਮੰਜਿਲ ਆ ਜਾਵੇਗੀ ਉਸ ਨਾਲ ਵਿਛੋੜਾ ਹੋ ਜਾਵੇਗਾ ਪਰ ਫਿਰ ਵੀ ਅਸੀਂ ਇਹ ਸਭ ਭੁੱਲਾ ਕੇ ਉਸ ਸਮੇਂ ਦੀਆਂ

ਖੁੱਸ਼ੀਆਂ ਮਾਂਣਦੇ ਰਹਿੰਦੇ ਹਾਂ ।

ਇਸ ਲਈ ਮੌਤ ਦੀ ਯਾਦ ਤੋਂ ਡਰਨਾ ਨਹੀਂ ਚਾਹੀਦਾ । ਜਿਹੜਾ ਬੰਦਾ ਮਰਨ ਲਈ ਤਿਆਰ ਹੈ ਉਹ ਕਦੇ ਨਹੀਂ ਮਰਦਾ ਪਰ ਇੱਕ ਡਰਪੋਕ ਮਰਨ ਤੋਂ ਪਹਿਲਾਂ ਹੀ ਹਜ਼ਾਰਾਂ ਵਾਰੀ ਮਰਦਾ ਰਹਿੰਦਾ ਹੈ।

ਕਹਿੰਦੇ ਹਨ ਕਿ ਬਚਪਨ ਵਿੱਚ ਇੱਕ ਦਿਨ ਗੁਰੂ ਨਾਨਕ ਦੇਵ ਜੀ ਆਪਣੇ ਸਾਥੀਆਂ ਨਾਲ ਖੇਡ ਰਹੇ ਸਨ । ਇੱਕ ਮਾਈ 'ਵੇ ਮਰ ਜਾਂਣਿਆ, ਵੇ ਮਰ ਜਾਂਣਿਆ, ਬੋਲਦੀ ਹੋਈ ਉਨ੍ਹਾਂ ਪਾਸ ਆਈ । ਗੁਰੂ ਜੀ ਨੇ ਪੁਛਿਆ ਕਿ ਮਾਤਾ ਕਿਸ ਨੂੰ ਵਾਜਾਂ ਮਾਰ ਰਹੀ ਹੈ । ਉਹ ਅੱਗੋਂ ਬੋਲੀ ਕਿ ਇਹ ਸਾਮਣੇ ਖੜੇ ਆਪਣੇ ਪੁੱਤਰ ਨੂੰ ਸੱਦ ਰਹੀ ਹਾਂ । ਗੁਰੂ ਜੀ ਨੇ ਕਹਿਆ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਇੱਕ ਮਾਂ ਆਪਣੇ ਪੁੱਤਰ ਨੂੰ 'ਮਰ ਜਾਂਣਾ' ਕਹਿ ਕੇ ਕਿਉਂ ਬੁਲਾ ਰਹੀ ਹੈ ? ਮਾਤਾ ਅੱਗੋਂ ਨਿਰਮਤਾ ਨਾਲ ਬੋਲੀ ਮੇਰੀ ਕੁੱਖ ਵਿਚੋਂ ਇਸ ਪੁੱਤਰ ਤੋਂ ਪਹਿਲਾਂ ਇਸ ਦੇ ਅੱਠ ਭਰਾ ਆਏ ਪਰ ਉਨ੍ਹਾਂ ਸਾਰਿਆਂ ਨੂੰ ਕਬਰਾਂ ਵਿੱਚ ਦਫ਼ਨਾਂ ਚੁੱਕੀ ਹਾਂ । ਉਹ ਨਹੀਂ ਰਹੇ ਤੇ ਮੈਂ ਡਰਦੀ ਨੇ ਇਸ ਦਾ ਨਾਮ 'ਮਰ ਜਾਂਣਾ' ਰੱਖ ਦਿੱਤਾ ।' ਗੁਰੂ ਜੀ ਨੇ ਤਸੱਲੀ ਦਿੰਦੇ ਹੋਏ ਕਿਹਾ "ਇਸ ਦਾ ਨਾਮ 'ਮਰ ਜਾਂਣਾ' ਨਹੀਂ ਸਗੋਂ ਅਸੀਂ 'ਮਰਦਾ-ਨਾ' ਰੱਖਦੇ ਹਾਂ ਤੇ ਇਸ ਦੀ ਕਦੇ ਮੌਤ ਨਹੀਂ ਹੋਵੇਗੀ ।" ਗੁਰੂ ਜੀ ਦੇ ਬਚਨ ਬਿਲਕੁਲ ਸੱਚ ਹਨ ਕਿਉਂਕਿ ਜਦੋਂ ਤੱਕ ਦੁਨੀਆਂ ਕਾਇਮ ਹੈ ਤੇ ਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ ਜੀਉਂਦੇ ਹਨ ਮਰਦਾਨਾ ਕਦੇ ਨਹੀਂ ਮਰੇਗਾ ।

ਇਹ ਨਾ ਸੋਚੋ ਕਿ ਮੌਤ ਭੱਵਿਖ ਵਿੱਚ ਹੋਵੇਗੀ ਸਗੋਂ ਅਸਲੀਅਤ ਇਹ ਹੈ ਕਿ ਇਹ ਤਾਂ ਹਰ ਪਲ ਘੱਟ ਰਹੀ ਹੈ :-

ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥
ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥੧॥ ਅੰਗ ੬੯੨

ਇਹ ਠੀਕ ਹੈ ਕਿ ਸਾਡੇ ਧੀਆਂ ਪੁੱਤਰ, ਧਨ ਦੌਲਤ, ਮਹਿਲ ਮਾੜੀਆਂ ਆਦਿ ਭਾਵੇਂ ਵੱਧ ਰਹੇ ਹਨ ਪਰ ਅਸੀਂ ਜ਼ਰੂਰ ਦਿਨ ਪਰ ਦਿਨ ਛੋਟੇ ਹੋ ਰਹੇ ਹਾਂ ਤੇ ਇੱਕ ਦਿਨ ਮੌਤ ਨੇ ਇਹ ਸਾਰਾ ਖੇਲ ਖਤਮ ਕਰ ਦੇਣਾ ਹੈ ।

ਅਸੀਂ ਇਸ ਸਮੇਂ ਇਥੇ ਬੈਠੇ ਹੋਏ ਵੀ ਥੋੜਾ ਮਰ ਰਹੇ ਹਾਂ । ਜਿਵੇਂ ਅਸੀਂ ਆਪਣੇ ਕਿਸੇ ਦੋਸਤ ਨਾਲ ਉਨ੍ਹਾਂ ਦੇ ਘਰ ਬੈਠ ਕੇ ਇੱਕ ਘੰਟਾ ਗੁਜਾਰਿਆ ਤਾਂ ਸਮਝੋ ਕਿ ਸਾਡੀ ਇੱਕ ਘੰਟਾ ਉਮਰ ਘੱਟ ਗਈ । ਉਹ ਵੱਖਰੀ ਗੱਲ ਹੈ ਕਿ ਸੱਠ ਜਾਂ ਸੱਤਰ ਸਾਲ ਦੀ ਉਮਰ ਨੂੰ ਪੂਰੇ ਹੋਣ ਲਈ ਸਮਾਂ ਲੱਗੇਗਾ ਪਰ ਉਸ ਸਾਰੇ ਸਮੇਂ ਵਿੱਚ ਇਹ ਇੱਕ ਘੰਟਾ ਵੀ ਗਿਣਿਆ ਜਾਵੇਗਾ । ਦਰਅਸਲ ਜਿਸ ਨੂੰ ਅਸੀਂ ਜੀਵਨ ਸਮਝਦੇ ਹਾਂ ਉਸ ਵਿੱਚ ਤੇ ਮਰਨ ਵਿੱਚ ਬਹੁਤ ਫਰਕ ਨਹੀਂ ਜੇ ਇਹ ਜੀਵਨ ਹੈ, ਉਹੀ ਹੌਲੀ ਹੌਲੀ ਮਰਨ ਬਣਦਾ ਜਾ ਰਿਹਾ ਹੈ ।

ਹੋਰ ਇਹ ਵੀ ਸੱਚ ਹੈ ਕਿ ੯੯% ਲੋਕ ਗੁਰੂ ਦਾ ਉਪਦੇਸ਼ ਸੁਣ ਕੇ ਪ੍ਰਮਾਤਮਾ ਦੇ ਰਾਹ ਨਹੀਂ ਚਲਦੇ ਸਗੋਂ ਦੁੱਖ ਦੀ ਚੋਟ ਨਾਲ ਹੀ ਪ੍ਰਮਾਤਮਾ ਦੀ ਯਾਦ ਆਉਂਦੀ ਹੈ । ਤਦੇ ਗੁਰਬਾਣੀ ਨੇ ਦੁੱਖ ਨੂੰ ਦਾਰੂ ਕਰਕੇ ਕਹਿਆ :-

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥
ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥ਅੰਗ ੪੬੯

ਦੁੱਖਾਂ ਵਿੱਚ ਸਭ ਤੋਂ ਵੱਡਾ ਦੁੱਖ ਮੌਤ ਦਾ ਹੈ। ਮੌਤ ਦਾ ਗਿਆਨ ਸਾਡੇ ਜੀਵਨ ਵਿੱਚ ਤਬਦੀਲੀ ਲਿਆ ਸਕਦਾ ਹੈ। ਜਿੱਥੇ ਕੋਈ ਖਤਰਾ ਹੋਵੇ ਉੱਥੇ ਅਸੀਂ ਇੱਕ ਦੱਮ ਸਾਵਧਾਨ ਹੋ ਜਾਂਦੇ ਹਨ। ਇਸ ਲਈ ਜੇ ਸਿਮਰਨ ਅਭਿਆਸ ਵੇਲੇ ਮੌਤ ਦਾ ਧਿਆਨ ਰਹੇ ਤਾਂ ਇਕਾਗਰਤਾ ਬਹੁਤ ਜਲਦੀ ਬਣੇਗੀ ਕਿਉਂਕਿ ਮਨ ਉਨ੍ਹਾਂ ਸਭ ਪਾਸਿਆਂ ਤੋਂ ਬਿਰਤੀ ਹਟਾ ਲੈਂਦਾ ਹੈ ਜੋ ਇਸ ਡਾਡੀ ਮੌਤ ਨੇ ਖੋਹ ਲੈਂਣੇ ਹਨ। ਬੱਸ ਇੱਕ ਵਾਰੀ ਇਕਾਗਰਤਾ ਹੋਈ ਤਾਂ ਪਿਛੇ ਬਾਕੀ ਕੇਵਲ ਪ੍ਰਮਾਤਮਾ ਹੀ ਰਹਿ ਗਿਆ :-

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥
ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥
ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥੩॥ ਅੰਗ ੪੭੪

ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੀ ਵੈਰਾਗਮਈ ਬਾਣੀ ਵਿੱਚ ਇਸ ਮੌਤ ਦੇ ਖਤਰੋ ਨੂੰ ਵਾਰ ਵਾਰ ਯਾਦ ਕਰਾਉਂਦੇ ਹਨ। ਜਿਵੇਂ :-

ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥
ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥੧॥ ਅੰਗ ੬੩੧
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥
ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ ॥੨॥੧॥ ਅੰਗ ੬੩੧

ਐ ਜੀਵ, ਖਬਰਦਾਰ ਹੋ ਕਿਉਂਕਿ ਮੌਤ ਦਾ ਸੱਪ ਤੇਰੇ ਸਿਰ ਉੱਪਰ ਹਰ ਵੇਲੇ ਘੁੱਮ ਰਹਿਆ ਹੈ ਤੇ ਪਤਾ ਨਹੀਂ ਇਸ ਨੇ ਕਿਸੇ ਵੇਲੇ ਵੀ ਡੰਗ ਮਾਰਨਾ ਹੈ। ਗੁਰੂ ਜੀ ਤੋਂ ਪੁਛੀਏ ਕਿ ਫਿਰ ਕੀ ਕਰੀਏ ਤਾਂ ਉਹ ਦੱਸਦੇ ਹਨ:-

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥ ਸੋਰਠਿ (ਮਃ ੯) - ਅੰਗ ੬੩੧

ਠੀਕ ਸਮਝ ਆਈ ਕਿ ਪ੍ਰਮਾਤਮਾ ਨਾਲ ਪ੍ਰੀਤ ਪਾਕੇ ਉਸ ਦਾ ਸਿਮਰਨ ਕਰਨਾ ਹੈ ਪਰ ਇਹ ਕਿਵੇਂ ਕਰੀਏ ? ਗੁਰੂ ਜੀ ਵੱਲੋਂ ਉੱਤਰ ਮਿਲਦਾ ਹੈ।

ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥੧॥ ਰਹਾਉ ॥ ਅੰਗ ੬੩੧

ਬੱਸ ਗੱਲ ਏਨੀ ਹੈ ਕਿ ਰਸਨਾ ਨਾਲ 'ਵਾਹਿਗੁਰੂ?' 'ਵਾਹਿਗੁਰੂ' ਉਚਾਰਨ ਕਰੋ ਤੇ ਕੰਨਾਂ ਨਾਲ ਇਕਾਗਰ ਚਿਤ ਹੋ ਕੇ ਧਿਆਨ ਨਾਲ ਸੁਣੋ।

**ਧੰਨਵਾਦਿ ਸਾਹਿਤ ਵਿਚੋਂ :- ਗੁਣ ਕਹਿ ਗੁਣੀ ਸਮਾਵਣਿਆ**

## ਸਿਰਦਾਰ ਕਪੂਰ ਸਿੰਘ ਆਈ. ਸੀ. ਐਸ.

**ਰੂਪ ਸਿੰਘ**

ਸਿੱਖ ਜਗਤ ਦੇ ਚੋਣਵੇਂ ਵਿਅਕਤੀਆਂ ਵਿਚੋਂ ਸ੍ਰਿ: ਕਪੂਰ ਸਿੰਘ ਆਈ. ਸੀ. ਐਸ. ਦਾ ਨਾਮ ਆਪਣੀ ਵੱਖਰੀ ਨੁਹਾਰ ਰੱਖਦਾ ਹੈ। ਆਪ ਦਾ ਜਨਮ ੨ ਮਾਰਚ ੧੯੦੯ ਈ. ਨੂੰ ਸ੍ਰ: ਦੀਦਾਰ ਸਿੰਘ ਦੇ ਘਰ ਹੋਇਆ। ਆਪ ਦੇ ਪਿਤਾ ਦਰਮਿਆਨੇ ਪੱਧਰ ਦੇ ਜ਼ਿਮੀਦਾਰ ਘਰਾਣੇ ਵਿਚੋਂ ਸਨ। ਆਪ ਦੀ ਮਾਤਾ ਹਰਨਾਮ ਕੌਰ ਇੱਕ ਧਾਰਮਿਕ ਰੁਚੀਆਂ ਵਾਲੀ ਔਰਤ ਸੀ। ਸ੍ਰਿ: ਕਪੂਰ ਸਿੰਘ ਉਪਰ ਮਾਤਾ ਜੀ ਦਾ ਪ੍ਰਭਾਵ ਸਭ ਤੋਂ ਵਧੇਰੇ ਸੀ।

ਇਨ੍ਹਾਂ ਦਾ ਜੱਦੀ ਪਿੰਡ ਮੰਨਣ ਚੱਕ ਕਲਾਂ ਜ਼ਿਲ੍ਹਾ ਲੁਧਿਆਣਾ ਵਿਖੇ ਸੀ ਪਰ ਜ਼ਮੀਨ ਜਾਇਦਾਦ ਦੇ ਸਬੰਧ ਵਿੱਚ ਆਪ ਦਾ ਪਰਿਵਾਰ ਚੱਕ ਨੰਬਰ ੫੩੧ ਲਾਇਲਪੁਰ (ਪਾਕਿਸਤਾਨ) ਵਿਖੇ ਟਿਕਿਆ ਹੋਇਆ ਸੀ। ਪਾਕਿਸਤਾਨ ਬਣਨ ਉਪਰੰਤ ਆਪ ਦਾ ਪਰਿਵਾਰ ਉੱਜੜ ਕੇ ਖਾਜਾ ਬਾਜੂ ਲੋਪੋ ਕਾ ਅਗਵਾੜ (ਜਗਰਾਵਾਂ) ਜ਼ਿਲ੍ਹਾਂ ਲੁਧਿਆਣਾ ਵਿਖੇ ਆਣ ਟਿਕਿਆ। ਅੱਜਕਲ੍ਹ ਆਪ ਦੇ ਪਰਿਵਾਰ ਦੇ ਮੈਂਬਰ ਇਥੇ ਹੀ ਖੇਤੀਬਾੜੀ ਉੱਪਰ ਟਿਕੇ ਹੋਏ ਹਨ।

ਸ੍ਰਿ: ਕਪੂਰ ਸਿੰਘ ਦੀ ਧਰਮਪਤਨੀ ਦਾ ਨਾਮ ਸਰਦਾਰਨੀ ਹਰਿੰਦਰ ਕੌਰ ਸੀ। ਇਹ ਨਾਨਕੇ ਪੱਖ ਤੋਂ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਸਿੱਧ ਟਿੱਕਾ ਖਾਨਦਾਨ ਨਾਲ ਜੁੜੇ ਹੋਏ ਸਨ। ਸ੍ਰਿ: ਕਪੂਰ ਸਿੰਘ ਦੇ ਜੀਵਨ ਸਾਥੀ ਵਜੋਂ ਸਰਦਾਰਨੀ ਹਰਿੰਦਰ ਕੌਰ ਨੇ ਹਰ ਦੁਖ ਸੁਖ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ। ਸ੍ਰਿ: ਕਪੂਰ ਸਿੰਘ ਦਾ ਇਕਲੌਤਾ ਸਪੁੱਤਰ ਡਾ. ਇੰਦਰਜੀਤ ਸਿੰਘ ਹੈ, ਜਿਹੜਾ ਵਰਲਡ ਬੈਂਕ ਨਾਲ ਬਤੌਰ ਸੀਨੀਅਰ ਅਰਥ-ਸ਼ਾਸਤਰੀ ਦੇ ਜੁੜਿਆ ਹੋਇਆ ਹੈ ਅਤੇ ਅੱਜਕਲ੍ਹ ਅਮਰੀਕਾ ਵਿਖੇ ਰਹਿ ਰਿਹਾ ਹੈ। ਸ੍ਰਿ: ਕਪੂਰ ਸਿੰਘ ਨੂੰ ਆਪਣੇ ਸਪੁੱਤਰ ਉੱਪਰ ਕਾਫੀ ਮਾਣ ਰਿਹਾ ਹੈ। ਆਪਣੇ ਅੰਤਿਮ ਸਮੇਂ ਵੀ ਉਹ ਆਪਣੇ ਸਪੁੱਤਰ ਅਤੇ ਪੋਤਰੇ ਨੂੰ ਬਾਰ ਬਾਰ ਯਾਦ ਕਰਦੇ ਰਹੇ।

ਸ੍ਰਿ: ਕਪੂਰ ਸਿੰਘ ਨੇ ਮੁੱਢਲੀ ਵਿਦਿਆ ਲਾਇਲਪੁਰ ਖਾਲਸਾ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਦਸਵੀਂ ਸ਼੍ਰੇਣੀ ਵਿਚੋਂ ਆਪ ਪੰਜਾਬ ਭਰ ਵਿਚੋਂ ਪਹਿਲੀ ਪੁਜ਼ੀਸ਼ਨ ਲੈ ਕੇ ਪਾਸ ਹੋਏ। ਉੱਚ ਵਿਦਿਆ ਗ੍ਰਹਿਣ ਕਰਨ ਵਾਸਤੇ ਗੌਰਮਿੰਟ ਕਾਲਜ ਲਾਹੌਰ ਵਿਖੇ ਦਾਖਲ ਹੋਏ। ਬੀ. ਏ. ਦੀ ਪੜ੍ਹਾਈ ਵਿਚ ਫ਼ਾਰਸੀ ਅਤੇ ਫਲਸਫਾ ਦੇ ਮਜ਼ਮੂਨ ਆਪ ਦੀ ਵਿਸ਼ੇਸ਼ ਚੋਣ ਸਨ। ਏਸੇ ਹੀ ਕਾਲਜ ਤੋਂ ਆਪ ਨੇ ਸਾਲ ੧੯੩੧ ਈ. ਵਿਚ ਐਸ. ਏ. ਫਿਲਾਸਫੀ ਦੀ ਡਿਗਰੀ ਯੂਨੀਵਰਸਿਟੀ ਭਰ ਵਿਚੋਂ ਅੱਵਲ ਰਹਿ ਕੇ ਪ੍ਰਾਪਤ ਕੀਤੀ। ਹੋਰ ਉਚੇਰੀ ਵਿਦਿਆ ਹਾਸਲ ਕਰਨ ਹਿੱਤ ਸਾਲ ੧੯੩੧ ਈ. ਵਿਚ ਕੈਮਬ੍ਰਿਜ ਯੂਨੀਵਰਸਿਟੀ ਲੰਡਨ ਵਿਖੇ ਦਾਖਲ ਹੋਏ, ਜਿਥੇ ਆਪ ਨੇ ਤੀਹਰੇ ਮਜ਼ਮੂਨਾਂ ਵਿਚੋਂ ਯੂਨੀਵਰਸਿਟੀ ਭਰ ਵਿਚੋਂ ਪ੍ਰਥਮ ਸਥਾਨ ਹਾਸਲ ਕੀਤਾ। ਇਸੇ ਯੂਨੀਵਰਸਿਟੀ ਤੋਂ ਆਪ ਨੇ ਮਾਰਲ ਸਾਇੰਸਜ਼ ਦੀ ਡਿਗਰੀ ਪ੍ਰਾਪਤ ਕੀਤੀ। ਆਪ ਦੇ ਪ੍ਰੀਖਿਅਕ ਬਰਟਰੈਂਡ ਰਸਲ ਆਪ ਦੀ ਪ੍ਰਤਿਭਾ ਤੋਂ ਵਿਸ਼ੇਸ਼ ਰੂਪ ਵਿਚ ਪ੍ਰਭਾਵਿਤ ਹੋਏ। ਯੂਨੀਵਰਸਿਟੀ ਵੱਲੋਂ ਆਪ ਨੂੰ ਲੈਕਚਰਾਰ ਦੀ ਨਿਯੁਕਤੀ ਵਾਸਤੇ ਸੱਦਾ ਦਿੱਤਾ ਗਿਆ ਪ੍ਰੰਤੂ ਆਪ ਨੇ ਇਸ ਨੂੰ ਦੇਸ਼ ਸੇਵਾ ਹਿੱਤ ਅਪ੍ਰਵਾਨ ਕਰ ਦਿੱਤਾ। ਸਾਲ ੧੯੩੩ ਈ. ਵਿਚ ਆਈ. ਸੀ. ਐਸ. ਵਿਚੋਂ ਸਫਲਤਾ ਪ੍ਰਾਪਤ ਕਰਕੇ ਟ੍ਰੇਨਿੰਗ ਲੈ ਕੇ ਸਾਲ ੧੯੩੪ ਈ. ਨੂੰ ਵਾਪਸ ਦੇਸ਼ ਪਰਤੇ।

## ਨੌਕਰੀ ਅਤੇ ਨੌਕਰੀ ਤੋਂ ਅਲਹਿਦਗੀ

ਸ੍ਰਿ: ਕਪੂਰ ਸਿੰਘ ਡਿਪਟੀ ਕਮਿਸ਼ਨਰ ਵਜੋਂ ਕੋਈ ਪੰਦਰਾਂ ਕੁ ਸਾਲ ਵੱਖ-ਵੱਖ ਜ਼ਿਲ੍ਹਿਆਂ ਵਿਖੇ ਕਾਰਜ ਨਿਭਾਉਂਦੇ ਰਹੇ। ਅੰਗ੍ਰੇਜ਼ ਹਾਕਮਾਂ ਦੇ ਮਨ ਵਿਚ ਆਪ ਪ੍ਰਤੀ ਵਿਸ਼ੇਸ਼ ਆਦਰ ਮਾਣ ਸੀ। ਸਾਫਦਿਲੀ ਅਤੇ ਸਫਲ ਪ੍ਰਬੰਧਕ ਵਜੋਂ ਆਪ ਨੂੰ ਸਲਾਹੁਤਾ ਹਾਸਲ ਹੁੰਦੀ ਰਹੀ ਪਰ ਅਜ਼ਾਦੀ ਉਪਰੰਤ ਭਾਰਤ ਸਰਕਾਰ ਦਾ ਰਵੱਈਆ ਆਪ ਨਾਲ ਵਧੀਆ ਨਾ ਰਿਹਾ। ਸਗੋਂ ਪੱਖਪਾਤੀ ਰਵੱਈਆ ਅਪਨਾ ਕੇ ਅਤੇ ਕੁਝ ਕੇਸ ਬਣਾ ਕੇ ਆਪ ਨੂੰ ਨੌਕਰੀ ਤੋਂ ਅਲਹਿਦਾ ਕਰ ਦਿੱਤਾ ਗਿਆ। **ਸ੍ਰਿ: ਕਪੂਰ ਸਿੰਘ ਦਾ ਸਭ ਤੋਂ ਵੱਡਾ ਦੋਸ਼ ਇਹ ਸੀ ਕਿ ਉਸ ਨੇ ਪੰਜਾਬ ਦੇ ਗਵਰਨਰ ਵੱਲੋਂ ਸਿੱਖਾਂ ਬਾਰੇ ਕੱਢੇ ਗਏ ਇਕ ਫਿਰਤੂ-ਪੱਤਰ ਦਾ ਵਿਰੋਧ ਕੀਤਾ ਸੀ। ਇਸ ਫਿਰਤੂ-ਪੱਤਰ (confidential circular) ਵਿਚ ਸਿੱਖਾਂ ਨੂੰ ਜਰਾਇਮਪੇਸ਼ਾ ਕੌਮ ਲਿਖਦਿਆਂ ਸਖਤੀ ਨਾਲ ਦਬਾਉਣ ਦਾ ਹੁਕਮ ਕੀਤਾ ਗਿਆ ਸੀ।** ਇਸ ਬੇਇਨਸਾਫੀ ਬਾਰੇ ਸ੍ਰਿ: ਕਪੂਰ ਸਿੰਘ ਨੇ ਆਪਣੀ ਪੁਸਤਕ ਵਿਚ ਭਰਪੂਰ ਜਾਣਕਾਰੀ ਦਿੱਤੀ ਹੋਈ ਹੈ।

ਆਪਣੇ ਨਾਲ ਹੋਈ ਧੱਕੇਸ਼ਾਹੀ ਅਤੇ ਬੇਇਨਸਾਫੀ ਦਾ ਜ਼ਿਕਰ ਕਰਦਿਆਂ ਉਹ ਥਾਂ ਪਰ ਥਾਂ ਚਰਚਾ ਕਰਦੇ ਹਨ। ਉਦਾਹਰਣ ਵਜੋਂ ਹੇਠ ਲਿਖੇ ਸ਼ਬਦ ਵੇਖੋ:

ਮੇਰੇ ਉੱਤੇ ਅੱਠ ਦਸ ਦੂਸ਼ਨ ਪੰਜਾਬ ਸਰਕਾਰ ਨੇ ਲਾਏ ਸਨ ਅਤੇ ਜਿਸ ਦੇ ਨਤੀਜੇ ਵਜੋਂ ਮੈਨੂੰ ਆਈ. ਸੀ. ਐਸ. ਦੀ ਪ੍ਰਤਿਸ਼ਟ ਤੇ ਦ੍ਰਿੜ੍ਹ ਨੌਕਰੀ ਤੋਂ ਹਿੱਕ ਦੇ ਧੱਕੇ ਨਾਲ, ਬਿਨਾਂ ਕਾਨੂੰਨ ਵਿਧਾਨ ਵਿਚਾਰੇ ਅਤੇ ਕੁਚੇਸ਼ਟਾ ਪ੍ਰੇਰਿਤ ਹੋ ਕੇ ਹਟਾ ਦਿੱਤਾ ਗਿਆ। ਕਿਸੇ ਚਪੜਾਸੀ ਨੂੰ ਭੀ ਇਉਂ ਨਿਰੋਲ ਤੇ ਸੈਕੂਲਰ, ਬੇਹਿਯਾਈ ਨਾਲ ਸਰਕਾਰੀ ਨੌਕਰੀ ਵਿਚੋਂ ਕੱਢਿਆ ਨਹੀਂ ਜਾ ਸਕਦਾ। ਆਈ. ਸੀ. ਐਸ. ਦੀ ਪਦ-ਪਦਵੀ ਤਾਂ ਕਾਨੂੰਨ ਅਨੁਸਾਰ ਐਸੀ ਦ੍ਰਿੜ੍ਹ-ਸ਼ਿਲਾ ਆਧਾਰਤ ਸੀ, ਜਿਸ ਬਾਬਤ ਸੇਕ੍ਰੇਟਰੀ ਆਫ ਸਟੇਟ ਫਾਰ ਇੰਡੀਆ ਨੇ ਇਕ ਸਮੇਂ ਬ੍ਰਿਟਿਸ਼ ਪਾਰਲੀਮੈਂਟ ਵਿਚ ਕਿਹਾ ਸੀ ਕਿ ਹਿੰਦੁਸਤਾਨ ਵਿਚ ਮਹਾਰਾਜਿਆਂ ਨੂੰ ਗੱਦੀ ਤੋਂ ਲਾਹੁਣਾ ਸੁਖੈਨ ਹੈ ਪਰ ਆਈ. ਸੀ. ਐਸ. ਅਫਸਰ ਨੂੰ ਨੌਕਰੀ ਤੋਂ ਉਤਾਰੂ ਕਰਨਾ ਕਠਨ ਹੈ।

## ਰਾਜਨੀਤਕ ਸਫਰ

ਵਿਦਿਆਰਥੀ ਜੀਵਨ ਤੋਂ ਹੀ ਸ੍ਰਿ: ਕਪੂਰ ਸਿੰਘ ਰਾਜਨੀਤੀ ਵੱਲ ਵਿਸ਼ੇਸ਼ ਝੁਕਾਉ ਰੱਖਦੇ ਸਨ। ਸਾਲ ੧੯੨੯ ਈ. ਨੂੰ ਰਾਵੀ ਦਰਿਆ ਕਿਨਾਰੇ ਸਰਬ ਹਿੰਦ ਕਾਂਗਰਸ ਕਮੇਟੀ ਦੇ ਸਮਾਗਮ ਸਮੇਂ ਸ੍ਰਿ: ਕਪੂਰ ਸਿੰਘ ਇਕ ਵਿਦਿਆਰਥੀ-ਵਾਲੰਟੀਅਰ ਵਜੋਂ ਸਮਾਗਮ ਵਿਚ ਸ਼ਾਮਲ ਸਨ। ਡੀ. ਸੀ. ਦੇ ਅਹੁਦੇ ਉੱਤੇ ਰਹਿੰਦਿਆਂ ਹੋਇਆ ਸ੍ਰਿ: ਕਪੂਰ ਸਿੰਘ ਦੇ ਸੰਬੰਧ ਰਾਜਨੀਤੀ ਨਾਲ ਕਿਸੇ ਨ ਕਿਸੇ ਪ੍ਰਕਾਰ ਜੁੜੇ ਰਹੇ। ਨੌਕਰੀ ਤੋਂ ਅਲੱਗ ਹੁੰਦਿਆਂ ਹੀ ਉਨ੍ਹਾਂ ਦੀ ਵਿਦਿਅਕ ਯੋਗਤਾ ਅਤੇ ਬੁੱਧੀ ਦੀ ਪ੍ਰਬੀਨਤਾ ਕਾਰਨ ਅਕਾਲੀ ਦਲ ਵਿਚ ਉਨ੍ਹਾਂ ਨੂੰ ਜੀ ਆਇਆ ਕਿਹਾ ਗਿਆ।

ਸ੍ਰਿ: ਕਪੂਰ ਸਿੰਘ ਦੀ ਪਹੁੰਚ ਹਮੇਸ਼ਾ ਸਿਧਾਂਤਕ ਅਤੇ ਦਾਰਸ਼ਨਿਕ ਹੁੰਦੀ। ਧਾਰਮਿਕ ਅਤੇ ਰਾਜਨੀਤਕ ਮਸਲਿਆਂ ਬਾਰੇ ਉਨ੍ਹਾਂ ਦੇ ਵਿਚਾਰਾਂ ਨੂੰ ਗਹੁ ਨਾਲ ਸੁਣਿਆ ਜਾਂਦਾ। ਜਦ ਵੀ ਉਹ ਬੋਲਦੇ ਤਾਂ ਸਭ ਦੇ ਕੰਨ ਖੜੇ ਹੋ ਜਾਂਦੇ। ਅਕਾਲੀ ਦਲ ਦੀਆਂ ਨੀਤੀਆਂ ਘੜਨ ਅਤੇ ਰਾਜਨੀਤਕ ਮਸਲਿਆਂ ਨਾਲ ਸਬੰਧਿਤ ਲਿਖਾ-ਪੜ੍ਹੀ ਕਰਨ ਸਮੇਂ ਉਹ ਮੋਹਰਲੀ ਕਤਾਰ ਵਿਚ ਹੁੰਦੇ। ਪਾਰਟੀ ਦੇ ਮਤੇ ਆਦਿ ਸਭ ਤੋਂ ਪਹਿਲਾਂ ਉਹ ਹੀ ਅੰਗ੍ਰੇਜੀ ਭਾਸ਼ਾ ਵਿਚ ਲਿਖਦੇ, ਜਿਨ੍ਹਾਂ ਨੂੰ ਮੁੜ ਪੰਜਾਬੀ ਵਿਚ ਅਨੁਵਾਦ ਕੀਤਾ ਜਾਂਦਾ ਹੈ।

ਅਕਾਲੀ ਦਲ ਵਿਚ ਪੜ੍ਹੇ ਲਿਖੇ ਉਚ ਪੱਧਰ ਦੇ ਬੁੱਧੀਜੀਵੀ ਸਿੱਖ ਨੌਜਵਾਨ ਉਨ੍ਹਾਂ ਨੂੰ ਬੜੇ ਹੀ ਆਦਰ ਅਤੇ ਮਾਣ ਨਾਲ ਸਤਿਕਾਰਦੇ ਭਾਵੇ ਉਨ੍ਹਾਂ ਦੇ ਮੂੰਹ ਫੱਟ ਹੋਣ ਕਾਰਨ ਉਪਰਲੇ ਪੱਧਰ ਦੇ ਰਾਜਨੀਤਕ ਕਈ ਵਾਰ ਉਨ੍ਹਾਂ ਨਾਲ ਨਰਾਜ਼ ਹੋ ਜਾਇਆ ਕਰਦੇ ਸਨ।

ਸਾਲ ੧੯੬੨ ਈ. ਵਿਚ ਉਹ ਤੀਜੀਆਂ ਆਮ ਚੋਣਾਂ ਵਿਚ ਅਕਾਲੀ ਦਲ ਦੇ ਨੁਮਾਇੰਦੇ ਵਜੋਂ ਲੁਧਿਆਣਾ ਹਲਕੇ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ। ਲੋਕ ਸਭਾ ਵਿਚ ਇਸ ਸਮੇਂ ਦੌਰਾਨ ਉਨ੍ਹਾਂ ਨੇ ਕਈ ਯਾਦਗਾਰੀ ਭਾਸ਼ਨ ਦਿੱਤੇ। ਸਿੱਖ ਭਲਿਆਈ ਖਾਤਰ ਬੁਲੰਦ ਅਵਾਜ਼ ਉਠਾਈ।

ਕਈ ਇਕ ਮੱਤ-ਭੇਦਾਂ ਕਾਰਨ ਉਨ੍ਹਾਂ ਨੂੰ ਅਕਾਲੀ ਦਲ ਤੋਂ ਵੱਖ ਹੋਣਾ ਪਿਆ। ਸਾਲ ੧੯੬੯ ਈ. ਨੂੰ ਪੰਜ ਕੌਂਸਲੀ ਕਮੇਟੀ ਦੀ ਸਥਾਪਨਾ ਕੀਤੀ ਅਤੇ ਸਿੱਖ ਹੋਮਲੈਂਡ ਦੀ ਮੰਗ ਪੇਸ਼ ਕੀਤੀ। ਸ੍ਰਿ: ਕਪੂਰ ਸਿੰਘ ਨੇ ੧੦ ਮਾਰਚ, ੧੯੬੯ ਈ. ਨੂੰ ਇਸ ਬਾਰੇ ਪ੍ਰੈਸ ਬਿਆਨ ਦੇ ਕੇ ਸਪੱਸ਼ਟ ਕੀਤਾ ਕਿ ਇਹ ਮੰਗ ਭਾਰਤ ਦੇ ਸੰਵਿਧਾਨ ਅਨੁਕੂਲ ਹੈ ਅਤੇ ਸਿੱਖ ਕੌਮ ਦੇ ਨਸਲੀ ਅਤੇ ਸਭਿਆਚਾਰਕ ਵਿਰਸੇ ਨੂੰ ਕਾਇਮ ਰੱਖਣ ਦੀ ਖਾਤਰ ਹੈ।

ਅੰਨਦਪੁਰ ਸਾਹਿਬ ਦਾ ਬਹੁ-ਚਰਚਿਤ ਮਤਾ ਵੀ ਆਪ ਦੇ ਹੱਥਾਂ ਦਾ ਲਿਖਿਆ ਹੋਇਆ ਦੱਸਿਆ ਜਾਂਦਾ ਹੈ ।

**ਸ਼ਖਸੀਅਤ ਅਤੇ ਪ੍ਰਭਾਵ:**

ਸ੍ਰਿ: ਕਪੂਰ ਸਿੰਘ ਦਰਮਿਆਨੇ ਕੱਦ ਦੇ ਮਲਵਈ ਸਿੱਖ ਸਨ । ਉਨ੍ਹਾਂ ਦੀ ਚਾਲ-ਢਾਲ ਵਿਚ ਸਰਦਾਰਾਂ ਵਾਲਾ ਰੋਹਬ ਸੀ । ਬੋਲਚਾਲ ਵਿਚ ਪੇਂਡੂ ਜੱਟਕਾਪਨ ਅਤੇ ਸੁਭਾ ਵਿਚ ਵਧੇਰੇ ਸਖਤੀ । ਉਨ੍ਹਾਂ ਦੇ ਸੁਬਾਅ ਬਾਰੇ ਅਨੇਕ ਕਥਾਵਾਂ ਪ੍ਰਚਲਿਤ ਹਨ । ਸ੍ਰਿ: ਕਪੂਰ ਸਿੰਘ ਦੀ ਸ਼ਖਸੀਅਤ ਬਾਰੇ ਸ੍ਰ. ਗੁਰਚਰਨ ਪਾਲ ਸਿੰਘ ਦੇ ਸ਼ਬਦ ਵਰਣਨ ਯੋਗ ਹਨ :

"ਸ੍ਰੋਤਾ ਬਣ ਕੇ ਸ੍ਰਿ. ਕਪੂਰ ਸਿੰਘ ਨੂੰ ਸੁਨਣ ਵਿਚ ਗਿਆਨ ਪ੍ਰਾਪਤੀ ਹੈ, ਉਸ ਨਾਲ ਗੱਲਬਾਤ ਛੇੜਨ ਵਿਚ ਮੂਰਖਤਾ ਅਤੇ ਬਹਿਸ-ਮੁਬਹਿਸਾ ਕਰਨ ਵਿਚ ਘੋਰ ਪਾਪ ।"

ਉਨ੍ਹਾਂ ਦੇ ਤਲਖ ਸੁਭਾ ਦੇ ਨਾਲ ਨਾਲ ਉਨ੍ਹਾਂ ਕੋਲ ਗਿਆਨ ਦਾ ਵਿਸ਼ਾਲ ਭੰਡਾਰ ਸੀ । ਉਨ੍ਹਾਂ ਦੀਆਂ ਪੁਸਤਕਾਂ 'ਸਪਤ ਸ੍ਰਿੰਗ', 'ਪੁੰਦ੍ਰੀਕ ਬਹੁ' ਵਿਸਤਾਰ', **'ਸਾਚੀ ਸਾਖੀ ਅਤੇ ਦੀ ਬਿਸਾਖੀ ਆਫ ਗੁਰੂ ਗੋਬਿੰਦ ਸਿੰਘ' ਗਿਆਨ ਦੇ ਖੁਲ੍ਹੇ ਭੰਡਾਰ ਹਨ ।**

ਸ੍ਵੈਮਾਨ, ਸ੍ਵੈਧੀਨਤਾ ਅਤੇ ਫਕੀਰਾਂ ਵਰਗੀ ਸਾਦਗੀ ਉਨ੍ਹਾਂ ਦੀ ਤਬੀਅਤ ਦੇ ਨਿਆਰੇ ਰੰਗ ਸਨ । ਇਸ ਬਾਰੇ ਡਾ. ਤਰਲੋਚਨ ਸਿੰਘ ਦਾ ਕਥਨ ਹੈ ਕਿ ਉਸ ਦਾ ਸ੍ਵੈਮਾਨ ਤੇ ਸ਼ਾਨ ਤਖ਼ਤੋਂ ਲੱਥੇ ਉਸ ਸਹਿਨਸ਼ਾਹ ਵਰਗੀ ਸੀ ਜੋ ਆਪਣੇ ਆਪ ਨਾਲ ਕਦੀ ਵੀ ਇਹ ਸਮਝੌਤਾ ਨਾ ਕਰ ਸਕਿਆ ਕਿ ਹੁਣ ਉਸ ਦਾ ਰਾਜ ਭਾਗ ਖੁੱਸ ਚੁੱਕਿਆ ਹੈ ।" ਡਾ. ਧਰਮਾਨੰਤ ਸਿੰਘ ਦਾ ਕਥਨ ਹੈ ਕਿ **ਸ੍ਰਿ. ਕਪੂਰ ਸਿੰਘ ਦਰਿਆ ਦਿਲ, ਬੁੱਧੀਵਾਨ ਅਤੇ ਸਮਾਜਿਕ-ਦਰਸ਼ਨ ਦਾ ਵਹਿੰਦਾ ਹੋਇਆ ਦਰਿਆ ਸੀ ਜਿਸ ਦੇ ਗੁਣਾਂ ਨੂੰ ਬਿਆਨ ਕਰਨ ਲੱਗਿਆਂ ਹਮੇਸ਼ਾਂ ਥਾਂ ਦੀ ਥੁੜ ਮਹਿਸੂਸ ਹੁੰਦੀ ਰਹਿੰਦੀ ਹੈ । ਸ੍ਰ: ਗੁਰਰਤਨ ਪਾਲ ਸਿੰਘ ਉਸ ਨੂੰ ਆਪਣੇ ਆਪ ਵਿਚ ਇਕ ਸੰਸਥਾ ਦੱਸਦਾ ਹੈ ।**

**ਸ੍ਰਿ: ਕਪੂਰ ਸਿੰਘ ਦੀ ਵਿਦਵਤਾ ਨੂੰ ਮੁੱਖ ਰੱਖਦਿਆਂ ੧੩ ਅਕਤੂਬਰ, ੧੯੭੩ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਪ ਨੂੰ "ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ" ਦੀ ਪਦਵੀ ਨਾਲ ਸਨਮਾਨਿਤ ਕੀਤਾ ਗਿਆ** । ਇਹ ਇਸ ਵਿਸ਼ਾਲ ਸਿੱਖ ਦਾਰਸ਼ਨਿਕਕਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਹਾਨ ਬਖਸ਼ਿਸ਼ ਸੀ, ਜਿਹੜੀ ਕਿਸੇ ਵਿਰਲੇ ਦੇ ਹੀ ਲੇਖੇ ਆ ਸਕਦੀ ਹੈ ।

ਇਕ ਸਾਲ ਦੀ ਸਖਤ ਬਿਮਾਰੀ ਕਾਰਨ ੧੩ ਅਗਸਤ, ੧੯੯੬ ਈ. ਨੂੰ ਆਪ ਅਕਾਲ - ਚਲਾਣਾ ਕਰ ਗਏ । ਆਪ ਦਾ ਅੰਤਿਮ ਸੰਸਕਾਰ ਪਿੰਡ ਲੋਪੋ ਦਾ ਅਗਵਾੜ ਜਗਰਾਉ ਵਿਖੇ ਕੀਤਾ ਗਿਆ । ਸਮੂਹ ਸਿੱਖ ਜਥੇਬੰਦੀਆਂ ਵੱਲੋਂ ਆਪ ਦੀ ਮੌਤ ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ ਤੇ ਕਦੇ ਨਾ ਪੂਰਿਆਂ ਹੋ ਸਕਣ ਵਾਲੀ ਘਾਟ ਮਹਿਸੂਸ ਕੀਤੀ ਗਈ ।

**ਧੰਨਵਾਦਿ ਸਾਹਿਤ ਵਿਚੋਂ :- ਪ੍ਰਮੁੱਖ ਸਿੱਖ ਸ਼ਖ਼ਸੀਅਤਾਂ**

## ਅਪ੍ਰੈਲ 2017 ਮਹੀਨੇ ਦੇ ਸਮਾਗਮ :-

### ਨਾਨਕਸ਼ਾਹੀ ਜੰਤਰੀ ਅਨੁਸਾਰ ਵੈਸਾਖਿ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਮਿਤੀ 13-04-2017 ਦਿਨ ਵੀਰਵਾਰ ਨੂੰ ਸ਼ਾਮ 6.00 ਤੋਂ 9.00 ਤੱਕ 'ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹ ॥ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਅਯੋਜਿਤ ਕੀਤਾ ਜਾਵੇਗਾ ।ਉਪ੍ਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

## ਗਤੀਵਿਧੀਆਂ

### ਨਾਨਕਸ਼ਾਹੀ ਜੰਤਰੀ ਅਨੁਸਾਰ ਚੇਤ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-3-2017 ਦਿਨ ਮੰਗਲਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ **"ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ "** ।।ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਤੇ ਭਾਈ ਹਰਵੀਰ ਸਿੰਘ ਵਾਇਸ ਪ੍ਰਿੰਸੀਪਲ ਨੇ ਕਥਾ ਰਾਹੀਂ ਸੇਵਾ ਨਿਭਾਈ। ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

### ਕੁਆਲਾਲਮਪੁਰ (ਮਲੇਸ਼ਿਆ) ਵਿਖੇ ਗਲੋਬਲ ਸਿੱਖ ਕੌਂਸਲ ਦੀ ਸਾਲਾਨਾ ਕਾਨਫਰੰਸ



ਸ. ਬਲਵਿੰਦਰ ਸਿੰਘ ਸਾਗਰ ਕਾਨਫਰੰਸ ਵਿੱਚ ਹਿੱਸਾ ਲੈਂਦੇ ਹੋਏ

ਬੀਤੇ ਦਿਨੀਂ ਮਿਤੀ 25-26 ਮਾਰਚ 2017 ਨੂੰ ਮਲੇਸ਼ੀਆ ਦੀ ਰਾਜਧਾਨੀ ਕੁਆਲਾਲਮਪੁਰ ਵਿਖੇ ਗਲੋਬਲ ਸਿੱਖ ਕੌਂਸਲ ਦੀ ਸਾਲਾਨਾ ਕਾਨਫਰੰਸ/ਇਕਤ੍ਰਤਾ ਹੋਈ। ਇਸ ਵਿਚ ਭਾਰਤ, ਮਲੇਸ਼ੀਆ, U.S.A., U.K. ਇੰਡੋਨੇਸ਼ੀਆ, ਥਾਈਲੈਂਡ, ਆਸਟ੍ਰੇਲੀਆ, ਪਾਕਿਸਤਾਨ ਅਤੇ ਸਵਿਟਜਰਲੈਂਡ ਤੋਂ ਆਏ 9 ਦੇਸ਼ਾਂ ਦੇ ਨੁਮਾਇਦਿਆਂ ਨੇ ਹਿਸਾ ਲਿਆ। ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਸ੍ਰ. ਬਲਵਿੰਦਰ ਸਿੰਘ 'ਸਾਗਰ' ਸੋਸ਼ਲ ਵੈਲਫੇਅਰ ਸਕੱਤਰ ਨੇ ਹਿਸਾ ਲਿਆ। ਸੋਸਾਇਟੀ ਵਲੋਂ Streamlinning of Gurmat Parchar ਵਿਸ਼ੇ ਤੇ ਵਿਚਾਰ ਸਾਂਝੇ ਕੀਤੇ ਅਤੇ ਇਸ ਸੰਬੰਧੀ ਸੁਝਾਓ ਵੀ ਪੇਸ਼ ਕੀਤੇ। ਜਿਸਦੀ ਹਾਜਰ ਮੈਂਬਰਾਂ ਵਲੋਂ ਭਰਪੂਰ ਸ਼ਲਾਘਾ ਕੀਤੀ ਗਈ। ਵਿਚਾਰ ਸਾਂਝੇ ਕਰਦਿਆਂ ਸ੍ਰ. ਬਲਵਿੰਦਰ ਸਿੰਘ 'ਸਾਗਰ' ਨੇ ਸੋਸਾਇਟੀ ਵਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦਾ ਵੇਰਵਾ ਦਿੱਤਾ ਜਿਸਤੇ ਮੈਂਬਰਾਂ ਵਲੋਂ ਭਰਪੂਰ ਸੰਤੋਖ ਜਤਾਇਆ ਗਿਆ ਅਤੇ ਵਿਦੇਸ਼ਾਂ ਵਿਖੇ ਪੜੇ ਲਿਖੇ ਪ੍ਰਚਾਰਕਾਂ ਦੀ ਲੋੜ ਦੀ ਪੂਰਤੀ ਲਈ ਸੋਸਾਇਟੀ ਦਾ ਸਹਿਯੋਗ ਮੰਗਿਆ। ਸ੍ਰ. ਬਲਵਿੰਦਰ ਸਿੰਘ 'ਸਾਗਰ' ਨੇ ਸੰਮੂਹ ਮੈਂਬਰਾਂ ਦਾ ਸੋਸਾਇਟੀ ਵਲੋਂ ਹਾਰਦਿਕ ਧੰਨਵਾਦਿ ਕੀਤਾ।

### 2. ਅਧਿਆਪਕ ਸਿਖਲਾਈ ਕਾਰਜਸ਼ਾਲਾ:-



ਪ੍ਰਿੰ. ਨਰਿੰਦਰਬੀਰ ਸਿੰਘ ਜੀ ਲੈਕਚਰ ਦਿੰਦੇ ਹੋਏ।

ਸਤਿਨਾਮੁ ਸਰਬ ਕਲਿਆਣ ਟਰੱਸਟ (ਰਜਿ.) ਚੰਡੀਗੜ੍ਹ ਦੁਆਰਾ ਪਿੰਡਾਂ ਦੇ ਸਕੂਲਾ ਵਿੱਚ ਧਾਰਮਿਕ ਸਿਖਿਆ ਦੇਣ ਲਈ ਅਧਿਆਪਕ ਲਗਾਏ ਜਾਦੇਂ ਹਨ। ਉਹਨਾਂ ਅਧਿਆਪਕਾ ਦੀ ਗਿਆਰਵੀਂ ਧਾਰਮਿਕ ਅਧਿਆਪਕ ਸਿਖਲਾਈ ਕਾਰਜਸ਼ਾਲਾ ਮਿਤੀ 31-3-2017 ਤੋਂ 2-4-2017 ਤੱਕ ਮਾਤਾ ਗੁਜਰੀ ਕਾਲਿਜ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਹੋਈ ਜਿਸ ਵਿੱਚ ਵੱਖ-ਵੱਖ ਵਿਦਵਾਨਾ ਨੇ ਆਪਣੇ ਵਿਚਾਰ ਸਾਝੇ ਕੀਤੇ। ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ 31-3-2017 ਨੂੰ ਇਸ ਕਾਰਜ਼ਸ਼ਾਲਾ ਵਿੱਚ **"ਗੁਰਬਾਣੀ ਵਿਆਕਰਣ "** ਦੇ ਵਿਸ਼ੇ ਤੇ ਵਿਚਾਰਾਂ ਦੀ ਸਾਝ ਪਾਈ। ਬੱਚਿਆਂ ਅਤੇ ਹੋਰ ਪਤਵੰਤੇ ਹਾਜ਼ਰ ਸੱਜਣਾ ਨੇ ਇਸ ਦਾ ਭਰਵਾਂ ਲਾਭ ਉਠਾਇਆ। ਸਤਿਨਾਮੁ ਸਰਬ ਕਲਿਆਣ ਟਰੱਸਟ ਵਲੋਂ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਦਾ ਧੰਨਵਾਦਿ ਕੀਤਾ ਗਿਆ ਅਤੇ ਮਮੈਂਟੋ ਨਾਲ ਸਨਮਾਨਿਤ ਕੀਤਾ ਗਿਆ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਮਾਰਚ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 68 | 129 | 197 |
| 2 | Eye | 17 | 22 | 39 |
| 3 | Cardiology | 10 | 55 | 65 |
| 4 | Dental | 19 | 87 | 106 |
| 5 | Gynaecology | 23 | 36 | 59 |
| 6 | Homoeopathy | 28 | 295 | 323 |
| 7 | Physiotherapy | 04 | 28 | 32 |
| | Total | 169 | 652 | 821 |
| | Laboratory | 68 | - | 68 |

## ਧੰਨਵਾਦਿ :

## ਮਾਰਚ 2017 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:–

1. Bhai Balwinder Singh/Chhaju Majra 2500/-
2. Bhai Ravinder Singh/Chhaju Majra 2500/-
3. Flt. Lt. J.S. Oberoi #1822/Sector-34D/Chd 1,000/-
4. S. Dhanwant Singh #447/Phase -4/Mohali 500/-
5. S. Amardeep Singh Sethi #308E/SBS Nagar/Ludhiana 10,000/-
6. Bibi Rajleen Kaur #836/Phase II/Mohali 500/-
7. S. G.S. Bhalla #1014/Rajdhani Appt./49A/Chd 2,100/-
8. Bibi Prakash Kaur #110/Phase -3BI/Mohali 10,000/-
9. Bibi. Harleen Kaur Sarna #107G, Shivalik Vihar Naya Goan, Mohali 500/-
10. S. Rajinder Singh Sarna #107G, Shivalik Vihar Naya Goan, Mohali 2000/-
11. Bibi Harpreet Kaur #461/Sec 44A/Chd 1,000/-
12. Bibi Gurdeep Kaur #461/Sec 44A/Chd 1,000/-
13. S. Harsharnpal Singh Bhatia #461/Sec. 44A 1,000/-
14. Bibi Harsharan Kaur Sethi #1440/ Sec.- 34C 500/-
15. Dr. Negi #1016/Phase VII/Mohali 100/-
16. S. Gursaran Singh Kapur #299/Nilgiri Appt./Alakhnanda/Delhi 10,000/-
17. S. Sharanjit Singh #127/4/ACME Height/Kharar2,500/-
18. S. Davinder Singh #261/Sec. 45A/Chd 5,000/-
19. S. Narinder Bir Singh #1444/Sec-34C/Chd 2,000/-
20. Bibi Surjit Kaur #1444/Sec. 34C/Chd 2,000/-
21. Dr. Saranjit Singh #2817/Phase-7/Mohali 4,000/-
22. S. Parkash Singh #2214/Sector- 45C/Chd 1,500/-
23. Bibi Hardeep Kaur #53/Sector-70/Mohali 1,000/-
24. S. Jaspal Singh & Balbir Singh/Mundi Kharar 51/-
25. Maj. Joginder Singh #1546/Sector- 33D 1,00,000/-
26. S. Lakhwinder Singh/ Mundi Kharar 100/-
27. S. Naunihal Singh/ Mundi Kharar 500/-
28. Bibi Gurnoor Kaur/ Mundi Kharar 100/-
29. S. Amarjeet Singh/ Mundi Kharar 100/-
30. S. Swaran Singh/ Mundi Kharar 50/-
31. S. Jagjit Singh/ Mundi Kharar 100/-
32. S. Tajinder Singh/ Mundi Kharar 200/-
33. S. Dilbagh Singh/ Satkar Properties 500/-
34. S. Gurjit Singh/ Mundi Kharar 100/-
35. Bibi Dalbir Kaur/ Mundi Kharar 100/-
36. Bibi Baljit Kaur #192//New Delhi 10,000/-
37. All Indian Sikh Federation(Regd.) D-9(G.F.) Green Park Main New Delhi 21,000/-
38. Col. H.S Uppal #306/Sec. 33A/Chd 40,000/-
39. S. Sukhwinder Singh/Ropar 2,000/-
40. S. Amanjot Singh/Distt. Gurdaspur 1,000/-
41. S. Jagjit Singh /Distt. Ludhiana 2,000/-
42. S. Ranjit Singh/Jirakhpur 1,000/-
43. S. Satnam Singh #1026/Sec. 44B/Chd 50,000/-
44. Bhai Narain Singh Dang & Sons Charitable Trust 104, SANJAY BLDG No. 5/A, Mittal Estate, SAKI NAKA, ANDHERI-(E) MUMBAI – 400059 51,013/-
45. S. Simranjit Singh #A-21/Jamalpur/Ludhiana/Chd 2,000/-
46. S. Sukhwinder Singh/Jalandar 2,000/-
47. S. Navdeep Singh/Distt. Tarantaaran 500/-
48. Bibi Kulwant Kaur #89/Phase-3BI/Mohali 10,000/-
49. M/S Nishkam Sewa Trust C/O Capt. A.S. Khuman/12 Maker Tower Cuffe Parade/Mumbai 15,000/-
50. S. Paramjit Singh #3107/Sector-71/Mohali 15,000/-
51. S. Ranjit Singh/Sector-71/Mohali 1,100/-
52. S. Gurdeep Singh Bhalla SCO-91/Sector-47D10,000/-
53. Bibi Daljit Kaur Oberoi #278/Sec. 33A/Chd 2,000/-
54. Dr. Tarundeep Singh #3307/Sector- 19D/Chd20,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।